ਸ਼ਨੀਵਾਰ, 23 ਮਈ, 2026
9 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 352

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 23 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 'ਕਾਕਰੋਚਾਂ' ਵੱਲੋਂ ਅੰਦੋਲਨ ਪ੍ਰਚੰਡ

**ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਪਾਈ ਪੋਸਟ ਨੂੰ ਕਰੀਬ 2 ਕਰੋੜ ਲੋਕਾਂ ਦਾ ਸਮਰਥਨ**

**ਨਵੀਂ ਦਿੱਲੀ (ਨ ਜ਼ ਸ)**

ਦੇਸ਼ ਭਰ ਵਿੱਚ ਨੀਟ-ਯੂ ਜੀ ਪ੍ਰੀਖਿਆ ਦੇ ਪੇਪਰ ਲੀਕ ਅਤੇ ਵਿਵਾਦਾਂ ਨੂੰ ਲੈ ਕੇ ਨੌਜਵਾਨਾਂ ਵਿੱਚ ਫੈਲੇ ਗੁੱਸੇ ਦੇ ਵਿਚਕਾਰ, ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਉੱਭਰੀ ਡਿਜੀਟਲ ਜਥੇਬੰਦੀ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਇੱਕ ਵੱਡੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਸੀ ਜੇ ਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਦੀਪਕੇ ਦੀ ਤਾਜ਼ਾ ਪੋਸਟ ਨੂੰ 1.90 ਕਰੋੜ ਲੋਕਾਂ ਦੀ ਹਿਮਾਇਤ ਮਿਲ ਚੁੱਕੀ ਸੀ। ਦੇਸ਼ ਦੇ ਲੱਖਾਂ ਪ੍ਰੀਖਿਆਰਥੀਆਂ ਦੇ ਭਵਿੱਖ ਨਾਲ ਹੋਏ ਖਿਲਵਾੜ ਦੇ ਮੁੱਦੇ ਨੂੰ ਚੁੱਕਦਿਆਂ ਇਸ ਡਿਜੀਟਲ ਫਰੰਟ ਨੇ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਹਾਲਾਂਕਿ ਇਸ ਮੁਹਿੰਮ ਦੇ ਤੇਜ਼ ਹੁੰਦਿਆਂ ਹੀ ਕੇਂਦਰ ਸਰਕਾਰ ਵੱਲੋਂ ਭਾਰਤ ਵਿੱਚ 'ਸੀ ਜੇ ਪੀ' ਦਾ ਅਧਿਕਾਰਤ ਐਕਸ ਖਾਤਾ ਬੈਨ ਕਰ ਦਿੱਤਾ ਗਿਆ ਹੈ, ਪਰ ਇਸ ਦੇ ਬਾਵਜੂਦ ਨੌਜਵਾਨਾਂ ਦਾ ਜੋਸ਼ ਮੱਠਾ ਨਹੀਂ ਪਿਆ। ਇਸ ਡਿਜੀਟਲ ਪਲੇਟਫਾਰਮ ਨੇ ਪੇਪਰ ਲੀਕ ਮਾਫੀਆ ਅਤੇ ਨੈਸ਼ਨਲ ਟੈਸਟਿੰਗ ਏਜੰਸੀ ਦੇ ਫੇਲ੍ਹ ਹੋਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਤੱਕ ਧਰਮੇਂਦਰ ਪ੍ਰਧਾਨ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੰਦੇ, ਇਹ ਮੁਹਿੰਮ ਦੇਸ਼ ਦੇ ਹਰ ਕੋਨੇ ਵਿੱਚ ਆਨਲਾਈਨ ਅਤੇ ਆਫਲਾਈਨ ਮਾਧਿਅਮ ਰਾਹੀਂ ਜਾਰੀ ਰਹੇਗੀ। ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਵੀ ਇਸ ਡਿਜੀਟਲ ਮੁਹਿੰਮ ਦਾ ਸਮਰਥਨ ਕਰਦਿਆਂ ਪ੍ਰੀਖਿਆ ਪ੍ਰਣਾਲੀ ਵਿੱਚ ਵੱਡੇ ਸੁਧਾਰਾਂ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਦੀ ਇੱਕ ਟਿੱਪਣੀ ਤੋਂ ਬਾਅਦ ਵਿਅੰਗ ਵਜੋਂ ਸ਼ੁਰੂ ਹੋਈ ਕਾਕਰੋਚ ਜਨਤਾ ਪਾਰਟੀ ਨੇ ਇੰਸਟਾਗ੍ਰਾਮ 'ਤੇ ਫਾਲੋਅਰਜ਼ ਦੇ ਮਾਮਲੇ ਵਿੱਚ ਸੱਤਾਧਾਰੀ ਭਾਜਪਾ ਨੂੰ ਵੀ ਪਛਾੜ ਦਿੱਤਾ ਹੈ।

### ਅਭੀਜੀਤ ਨੂੰ ਜਾਨੋਂ ਮਾਰਨ ਦੀ ਧਮਕੀ

ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਪ੍ਰਸਿੱਧ ਹੋ ਰਹੀ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਅਭੀਜੀਤ ਦੀਪਕੇ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ, ਜਿਸ ਬਾਰੇ ਉਨ੍ਹਾਂ ਨੇ ਖ਼ੁਦ ਆਪਣੇ ਅਧਿਕਾਰਤ ਐਕਸ (ਪਹਿਲਾਂ ਟਵਿੱਟਰ) ਹੈਂਡਲ 'ਤੇ ਤਸਵੀਰ ਸਮੇਤ ਜਾਣਕਾਰੀ ਸਾਂਝੀ ਕਰਕੇ ਖੁਲਾਸਾ ਕੀਤਾ ਹੈ। ਇਹ ਖ਼ਤਰਨਾਕ ਧਮਕੀ ਉਨ੍ਹਾਂ ਨੂੰ ਵਟਸਐਪ ਰਾਹੀਂ ਭੇਜੀ ਗਈ ਹੈ, ਜਿਸ ਦੇ ਸਕ੍ਰੀਨਸ਼ਾਟ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ।

ਇਸੇ ਦੌਰਾਨ ਦੀਪਕੇ ਦੇ ਮਾਤਾ-ਪਿਤਾ ਨੂੰ ਇਹ ਡਰ ਸਤਾਉਣ ਲੱਗਾ ਹੈ ਕਿ ਉਨ੍ਹਾਂ ਦਾ ਪੁੱਤਰ ਮੁਸੀਬਤ ਵਿੱਚ ਪੈ ਸਕਦਾ ਹੈ ਜਾਂ ਉਸ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਸਕਦਾ ਹੈ। ਛਤਰਪਤੀ ਸੰਭਾਜੀ ਨਗਰ ਵਿੱਚ ਰਹਿਣ ਵਾਲੇ ਦੀਪਕੇ ਦੇ ਮਾਤਾ-ਪਿਤਾ • ਬਾਕੀ ਸਫ਼ਾ 2 'ਤੇ

## ਕਾਕਰੋਚ ਜਨਤਾ ਪਾਰਟੀ ਪ੍ਰੈਸ਼ਰ ਕੁੱਕਰ ਦੇ ਵਾਲਵ ਵਰਗੀ : ਥਰੂਰ

**ਨਵੀਂ ਦਿੱਲੀ** : ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਸ਼ੁੱਕਰਵਾਰ ਵਾਇਰਲ ਵਿਅੰਗ ਸੰਗਠਨ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦਾ ਸਮਰਥਨ ਕਰਨ ਵਾਲੀਆਂ ਆਪਣੀਆਂ ਟਿੱਪਣੀਆਂ ਨੂੰ ਦੁੱਗਣਾ ਕਰਦਿਆਂ ਕਿਹਾ ਕਿ ਲੋਕਤੰਤਰ ਵਿੱਚ ਅਜਿਹੇ ਅੰਦੋਲਨਾਂ ਨੂੰ ਦਬਾਉਣਾ 'ਮੂਰਖਤਾ' ਹੋਵੇਗਾ ਅਤੇ ਚੇਤਾਵਨੀ ਦਿੱਤੀ ਕਿ ਨੌਜਵਾਨਾਂ ਦੀ ਨਿਰਾਸ਼ਾ ਨੂੰ ਨਜ਼ਰਅੰਦਾਜ਼ ਕਰਨਾ ਤਬਾਹਕੁੰਨ ਸਾਬਤ ਹੋ ਸਕਦਾ ਹੈ।

ਐਕਸ 'ਤੇ ਪੋਸਟਾਂ ਦੀ ਇੱਕ ਨਵੀਂ ਲੜੀ ਵਿੱਚ ਥਰੂਰ ਨੇ ਮੀਮ-ਸੰਚਾਲਤ ਸਿਆਸੀ ਵਿਅੰਗ ਲਹਿਰ ਦੇ ਉਭਾਰ ਦੀ ਪ੍ਰਸੰਸਾ ਕਰਨ ਵਾਲੀਆਂ ਆਪਣੀਆਂ ਪਿਛਲੀਆਂ ਟਿੱਪਣੀਆਂ ਦਾ ਬਚਾਅ ਕੀਤਾ। ਉਨ੍ਹਾ ਕਿਹਾ ਕਿ ਇਸ ਅੰਦੋਲਨ ਨੂੰ ਪਾਕਿਸਤਾਨੀ-ਸਮਰਥਤ ਆਨਲਾਈਨ ਸਰਗਰਮੀ ਨਾਲ ਜੋੜਿਆ ਜਾ ਰਿਹਾ ਹੈ। ਥਰੂਰ ਨੇ ਕਿਹਾ ਕਿ ਅਜਿਹੇ ਦਾਅਵੇ ਕਰਨੇ ਆਸਾਨ ਹਨ। ਸੀ ਜੇ ਪੀ ਦੇ ਬਾਨੀ ਅਭਿਜੀਤ ਦੀਪਕੇ ਨੇ ਕਿਹਾ ਹੈ ਕਿ ਅੰਦੋਲਨ ਦੇ ਬਹੁਤ ਸਾਰੇ ਪੈਰੋਕਾਰ ਭਾਰਤ ਵਿੱਚ ਸਥਿਤ ਹਨ। ਉਨ੍ਹਾਂ ਅੱਗੇ ਕਿਹਾ ਕਿ ਪੈਰੋਕਾਰਾਂ ਬਾਰੇ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਨੂੰ ਸਫਾਈ ਦੇਣੀ ਚਾਹੀਦੀ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਵੱਡਾ ਮੁੱਦਾ ਇਹ ਨਹੀਂ ਕਿ ਅੰਦੋਲਨ ਕਿਸ ਨੇ ਵਿੱਢਿਆ, ਸਗੋਂ ਇਹ ਹੈ ਕਿ ਇਹ ਕੀ ਦਰਸਾਉਂਦਾ ਸੀ। ਲੋਕਤੰਤਰ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਜਨਤਕ ਭਾਵਨਾਵਾਂ, ਨਿਰਾਸ਼ਾ ਅਤੇ ਸ਼ਿਕਾਇਤਾਂ ਦੇ ਪ੍ਰਗਟਾਵੇ ਲਈ ਰਸਤਾ ਪ੍ਰਦਾਨ ਕਰਦਾ ਹੈ। ਇਨ੍ਹਾਂ ਨੂੰ ਵਿਅੰਗ ਸਾਈਟ 'ਤੇ ਪ੍ਰਸਾਰਤ ਹੋਣ ਦੇਣਾ ਰਾਸ਼ਟਰੀ ਹਿੱਤ ਵਿੱਚ ਹੈ। ਉਸ ਨੇ ਅੱਗੇ ਕਿਹਾ ਕਿ ਇਸ ਅੰਦੋਲਨ ਨੇ ਸਾਡੇ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਉਭਾਰਿਆ ਹੈ ਅਤੇ ਸਰਕਾਰ ਤੇ ਵਿਰੋਧੀ ਪਾਰਟੀਆਂ ਉਨ੍ਹਾਂ ਦੇ ਗੁੱਸੇ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦੀ ਬਜਾਏ ਸਮੱਸਿਆ ਦਾ ਹੱਲ ਲੱਭਣ। ਪ੍ਰੈਸ਼ਰ ਕੁੱਕਰ ਦੀ ਸਮਾਨਤਾ ਦੀ ਵਰਤੋਂ ਕਰਦੇ ਹੋਏ, ਥਰੂਰ ਨੇ ਕਿਹਾ, "ਅਜਿਹੀਆਂ ਹਰਾਰਤਾਂ ਪ੍ਰੈਸ਼ਰ ਕੁੱਕਰ ਦੇ ਵਾਲਵ ਵਾਂਗ ਕੰਮ ਕਰਦੀਆਂ ਹਨ, ਭਾਫ ਛੱਡਦੀਆਂ ਹਨ। ਜੇ ਵਾਲਵ ਬੰਦ ਹੋ ਜਾਵੇ ਤਾਂ ਕੁੱਕਰ ਫਟ ਜਾਵੇਗਾ।" ਥਰੂਰ ਨੇ ਪਹਿਲਾਂ ਇਸ ਅੰਦੋਲਨ ਨੂੰ ਇੱਕ ਮੌਕਾ ਦੱਸਦਿਆਂ ਕਿਹਾ ਸੀ ਕਿ ਵਿਰੋਧੀ ਧਿਰ ਨੂੰ ਇਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਉਨ੍ਹਾ ਕਿਹਾ ਸੀ ਕਿ ਇਹ ਭਾਰਤ ਦੇ ਨੌਜਵਾਨਾਂ ਵਿੱਚ ਹਕੀਕੀ ਨਿਰਾਸ਼ਾ ਨੂੰ ਦਰਸਾਉਂਦਾ ਹੈ ਅਤੇ ਮੁੱਖ ਧਾਰਾ ਦੀ ਸਿਆਸਤ ਨੂੰ ਨੌਜਵਾਨ ਵੋਟਰਾਂ ਨਾਲ ਮੁੜ ਜੁੜਨ ਦੀ ਲੋੜ ਨੂੰ ਦਰਸਾਉਂਦਾ ਹੈ।

## ਦੁਨੀਆ ਦੇ 100 ਗਰਮ ਸ਼ਹਿਰਾਂ 'ਚੋਂ 97 ਭਾਰਤ ਦੇ

**ਨਵੀਂ ਦਿੱਲੀ (ਨ ਜ਼ ਸ)**- ਸ਼ੁੱਕਰਵਾਰ ਦੁਪਹਿਰ ਨੂੰ ਦੁਨੀਆ ਦੇ 100 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ 97 ਭਾਰਤ ਵਿੱਚ ਸਨ। ਓਡੀਸ਼ਾ ਦਾ ਬੋਲਾਂਗੀਰ 48 ਡਿਗਰੀ ਸੈਲਸੀਅਸ ਤਾਪਮਾਨ 'ਤੇ ਸਭ ਤੋਂ ਗਰਮ ਸਥਾਨ ਵਜੋਂ ਉਭਰਿਆ। ਇਸ ਤੋਂ ਬਾਅਦ ਬਿਹਾਰ ਦੇ ਸਾਸਾਰਾਮ ਵਿੱਚ 48 ਡਿਗਰੀ ਅਤੇ ਯੂ ਪੀ ਦੇ ਵਾਰਾਣਸੀ ਵਿੱਚ 47 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਕਈ ਸ਼ਹਿਰਾਂ ਵਿੱਚ ਨਮੀ ਦਾ ਪੱਧਰ 6 ਤੋਂ 8 ਪ੍ਰਤੀਸ਼ਤ ਦੇ ਵਿਚਕਾਰ ਰਿਹਾ, ਜਿਸ ਨਾਲ ਹਾਲਾਤ ਬਹੁਤ ਜ਼ਿਆਦਾ ਗਰਮ ਸ਼੍ਰੇਣੀ ਵਿੱਚ ਆ ਗਏ। ਚੋਟੀ ਦੇ 100 ਸ਼ਹਿਰਾਂ ਦੀ ਸੂਚੀ ਵਿੱਚ ਸਿਰਫ਼ ਨੇਪਾਲ ਦੇ ਤਿੰਨ ਸ਼ਹਿਰ ਹੀ ਅਪਵਾਦ ਸਨ—ਧਨਗੜ੍ਹੀ 23ਵੇਂ ਸਥਾਨ 'ਤੇ, ਨੇਪਾਲਗੰਜ 34ਵੇਂ ਸਥਾਨ 'ਤੇ ਅਤੇ ਲੁੰਬਿਨੀ ਸੰਸਕ੍ਰਿਤਿਕ 76ਵੇਂ ਸਥਾਨ 'ਤੇ—ਜਿੱਥੇ ਤਾਪਮਾਨ 45 ਅਤੇ 46 ਦੇ ਵਿਚਕਾਰ ਸੀ। ਸੂਚੀ ਵਿੱਚ ਪਟਿਆਲਾ 46 ਡਿਗਰੀ ਨਾਲ 42ਵੇਂ ਤੇ ਚੰਡੀਗੜ੍ਹ 45 ਡਿਗਰੀ ਨਾਲ 77ਵੇਂ ਸਥਾਨ 'ਤੇ ਰਿਹਾ।



ਪ੍ਰਯਾਗਰਾਜ 'ਚ ਧੁੱਪ ਤੋਂ ਬਚਾਅ ਕਰਦੇ ਮਜ਼ਦੂਰ।

ਇਸੇ ਦੌਰਾਨ ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਨੇ ਪਵਿੱਤਰ ਨਗਰੀ ਅੰਮ੍ਰਿਤਸਰ ਵਿੱਚ ਇੱਕ ਵੱਡਾ ਚਿੰਤਾ ਦਾ ਵਿਸ਼ਾ ਖੜ੍ਹਾ ਕਰ ਦਿੱਤਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2024 ਦੌਰਾਨ ਦੇਸ਼ ਭਰ ਵਿੱਚੋਂ ਲੂ (ਹੀਟਸਟਰੋਕ) ਲੱਗਣ ਕਾਰਨ ਸਭ ਤੋਂ ਵੱਧ 78 ਮੌਤਾਂ ਇਕੱਲੇ ਅੰਮ੍ਰਿਤਸਰ ਸ਼ਹਿਰ ਵਿੱਚ ਦਰਜ ਕੀਤੀਆਂ ਗਈਆਂ। ਵੱਡੀ ਗਿਣਤੀ ਵਿੱਚ ਬਾਹਰੋਂ ਆਉਣ ਵਾਲੇ ਲੋਕਾਂ (ਫਲੋਟਿੰਗ ਪਾਪੂਲੇਸ਼ਨ) ਵਾਲੇ ਇਸ ਇਤਿਹਾਸਕ ਸ਼ਹਿਰ ਲਈ ਇਹ ਅੰਕੜਾ ਬੇਹੱਦ ਭਿਆਨਕ ਅਤੇ ਪ੍ਰੇਸ਼ਾਨ ਕਰਨ ਵਾਲਾ ਹੈ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੈਮਸਨ ਮਸੀਹ ਨੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ਰਧਾਲੂ ਅਤੇ ਮੰਗਣ ਵਾਲੇ ਲੋਕ ਵੱਡੀ ਤਾਦਾਦ ਵਿੱਚ ਇੱਥੇ ਆਉਂਦੇ ਹਨ। ਇਹ ਵਰਗ ਸਭ ਤੋਂ ਵੱਧ ਸੰਵੇਦਨਸ਼ੀਲ ਹੈ ਕਿਉਂਕਿ ਉਨ੍ਹਾਂ ਕੋਲ ਨਾ ਤਾਂ ਰਹਿਣ ਦਾ ਕੋਈ ਪੱਕਾ ਟਿਕਾਣਾ ਹੁੰਦਾ ਹੈ ਅਤੇ ਨਾ ਹੀ ਮੌਸਮ ਦੀ ਮਾਰ ਤੋਂ ਬਚਣ ਦੇ ਸਾਧਨ। ਇਹ ਲੋਕ ਅਕਸਰ ਧਾਰਮਿਕ ਸਥਾਨਾਂ, ਮਜ਼ਾਰਾਂ ਦੇ ਬਾਹਰ, ਸੜਕਾਂ ਦੇ ਕਿਨਾਰਿਆਂ ਅਤੇ ਡਿਵਾਈਡਰਾਂ 'ਤੇ ਬੈਠੇ ਦੇਖੇ ਜਾ ਸਕਦੇ ਹਨ। ਮਾਹਰਾਂ ਅਨੁਸਾਰ ਅਪਰੈਲ ਤੋਂ ਜੂਨ 2024 ਤੱਕ ਦਾ ਸਮਾਂ ਬੇਹੱਦ ਗਰਮ ਅਤੇ ਲੰਬੀ ਲੂ ਵਾਲਾ ਰਿਹਾ, ਜਿਸ ਨੂੰ ਜਲਵਾਯੂ ਪਰਿਵਰਤਨ (ਕਲਾਈਮੇਟ ਚੇਂਜ) ਕਾਰਨ ਭਾਰਤ ਵਿੱਚ ਲਗਾਤਾਰ ਤੀਜੇ ਸਾਲ ਪੈਣ ਵਾਲੀ ਅੱਤ ਦੀ ਗਰਮੀ ਵਜੋਂ ਦਰਜ ਕੀਤਾ ਗਿਆ ਹੈ।

ਸਿਹਤ ਮਾਹਰ ਡਾ. ਗੁਰਮੀਤ ਸਿੰਘ ਨੇ ਦੱਸਿਆ ਕਿ ਮਨੁੱਖੀ ਸਰੀਰ ਆਪਣੇ ਅੰਦਰੂਨੀ ਤਾਪਮਾਨ ਨੂੰ 37 ਡਿਗਰੀ ਸੈਲਸੀਅਸ 'ਤੇ ਬਣਾਈ ਰੱਖਣ ਲਈ ਨਿਰੰਤਰ ਕੰਮ ਕਰਦਾ ਹੈ ਅਤੇ ਸਰੀਰ ਨੂੰ ਠੰਢਾ ਰੱਖਣ ਦਾ ਮੁੱਖ ਜ਼ਰੀਆ ਮੁੜ੍ਹਕਾ ਆਉਣਾ ਹੈ। ਜਦੋਂ ਬਾਹਰਲਾ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਹਵਾ ਵਿੱਚ ਨਮੀ ਵੀ ਵਧ ਜਾਂਦੀ ਹੈ, ਤਾਂ ਮੁੜ੍ਹਕਾ ਸੁੱਕ ਨਹੀਂ ਪਾਉਂਦਾ। ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਅਤੇ ਖਾਸ ਕਰਕੇ ਅੰਮ੍ਰਿਤਸਰ ਵਿੱਚ ਹਵਾ ਦੀ ਗਤੀ ਘੱਟ ਹੋਣ ਅਤੇ ਨਮੀ ਜ਼ਿਆਦਾ ਹੋਣ ਕਾਰਨ ਮੁੜ੍ਹਕਾ ਵਾਸ਼ਪੀਕ੍ਰਿਤ (ਇਵੈਪੋਰੇਟ) ਨਹੀਂ ਹੁੰਦਾ, ਜਿਸ ਨਾਲ ਸਰੀਰ ਦਾ ਕੁਦਰਤੀ ਕੂਲਿੰਗ ਸਿਸਟਮ ਫੇਲ੍ਹ ਹੋ ਜਾਂਦਾ ਹੈ ਅਤੇ ਵਿਅਕਤੀ ਹੀਟਸਟਰੋਕ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਭੂਗੋਲਿਕ ਪੱਖੋਂ ਪੰਜਾਬ ਦੇ ਮੈਦਾਨੀ ਇਲਾਕੇ ਚਾਰੋਂ ਪਾਸਿਓਂ ਜ਼ਮੀਨ ਨਾਲ ਘਿਰੇ (ਲੈਂਡਲੌਕਡ) ਹੋਣ ਕਰਕੇ ਇੱਥੇ ਕੋਈ ਵੱਡਾ ਜਲ ਸਰੋਤ ਨਹੀਂ ਹੈ, ਜੋ ਤਾਪਮਾਨ ਨੂੰ ਸੰਤੁਲਤ ਕਰ ਸਕੇ। ਇਸ ਕਾਰਨ ਗਰਮੀ ਤੇਜ਼ੀ ਨਾਲ ਵਧਦੀ ਹੈ ਅਤੇ ਲੰਮੇ ਸਮੇਂ ਤੱਕ ਬਣੀ ਰਹਿੰਦੀ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਹੋਏ ਵੱਖ-ਵੱਖ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਸ਼ਹਿਰ ਵਿੱਚ ਚੱਲ ਰਹੇ ਵੱਡੇ ਨਿਰਮਾਣ ਕਾਰਜਾਂ, ਵਾਹਨਾਂ ਦੇ ਧੂੰਏਂ ਅਤੇ ਉਦਯੋਗਾਂ ਕਾਰਨ ਪ੍ਰਦੂਸ਼ਣ ਦਾ ਪੱਧਰ ਖਤਰਨਾਕ ਹੱਦ ਤੱਕ ਵਧਿਆ ਹੈ। ਸ਼ਹਿਰ ਦੇ ਅੰਦਰੂਨੀ ਅਤੇ ਬਾਹਰੀ ਹਿੱਸਿਆਂ ਵਿੱਚ ਸੜਕਾਂ ਨੂੰ ਚੌੜਾ ਕਰਨ, ਫੋਰ-ਲੇਨਿੰਗ, ਦਿੱਲੀ-ਕਟੜਾ ਐਕਸਪ੍ਰੈਸਵੇਅ, ਐਲੀਵੇਟਿਡ ਰੋਡ ਨੈੱਟਵਰਕ, ਬੀ ਆਰ ਟੀ ਐੱਸ ਪ੍ਰੋਜੈਕਟ ਅਤੇ ਸ਼ਾਪਿੰਗ ਮਾਲਾਂ ਦੇ ਨਿਰਮਾਣ ਲਈ ਵੱਡੀ ਪੱਧਰ 'ਤੇ ਹਰੇ-ਭਰੇ ਰੁੱਖਾਂ ਦੀ ਕਟਾਈ ਕੀਤੀ ਗਈ, ਜਿਸ ਨੇ ਗਰਮੀ ਦੇ ਕਹਿਰ ਨੂੰ ਹੋਰ ਵਧਾ ਦਿੱਤਾ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਉਹ ਸਿਹਤ ਵਿਭਾਗ ਨੂੰ ਇਨ੍ਹਾਂ ਮੌਤਾਂ ਦੇ ਅਸਲ ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕਰਨ ਦੇ ਨਿਰਦੇਸ਼ ਦੇਣਗੇ। ਪ੍ਰਸ਼ਾਸਨ ਵੱਲੋਂ ਹਰ ਸਾਲ ਵੱਡੀ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ, ਪਰ ਇਸ ਵਾਰ ਉਹ ਵਿਸ਼ੇਸ਼ ਤੌਰ 'ਤੇ ਇਹ ਜਾਂਚ ਕਰਵਾਉਣਗੇ ਕਿ ਪਹਿਲਾਂ ਲਗਾਏ ਗਏ ਪੌਦਿਆਂ ਦੇ ਜੀਵਤ ਰਹਿਣ ਦੀ ਦਰ ਕੀ ਰਹੀ ਹੈ।

## ਪੰਜਾਬ 'ਚ ਸਕੂਲਾਂ ਤੇ ਦਫ਼ਤਰਾਂ ਦਾ ਸਮਾਂ ਬਦਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਚ ਗਰਮੀ ਨੂੰ ਧਿਆਨ ਵਿਚ ਰੱਖਦਿਆਂ ਸਕੂਲਾਂ ਅਤੇ ਦਫ਼ਤਰਾਂ ਦਾ ਸਮਾਂ ਬਦਲ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੋਸਟ ਕਰਕੇ ਕਿਹਾ ਕਿ ਗਰਮੀ ਨੂੰ ਧਿਆਨ ਵਿਚ ਰੱਖਦਿਆਂ 25 ਮਈ ਦਿਨ ਸੋਮਵਾਰ ਤੋਂ ਸਰਕਾਰੀ ਦਫ਼ਤਰਾਂ ਅਤੇ ਸਾਰੇ ਸਕੂਲਾਂ, ਸਾਰੀਆਂ ਕਲਾਸਾਂ ਦਾ ਸਮਾਂ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਤੱਕ ਹੋਵੇਗਾ।

## ਜੰਗਬੰਦੀ ਛੇਤੀ ਸੰਭਵ

**ਤਹਿਰਾਨ** : ਅਲ ਅਰਬੀਆ ਦੇ ਅਨੁਸਾਰ, ਅਮਰੀਕਾ ਅਤੇ ਈਰਾਨ ਵਿਚਕਾਰ ਇੱਕ ਸੰਭਾਵੀ ਸਮਝੌਤੇ ਦਾ ਅੰਤਿਮ ਖਰੜਾ ਕੁਝ ਘੰਟਿਆਂ ਦੇ ਅੰਦਰ ਐਲਾਨ ਕੀਤੇ ਜਾਣ ਦੀ ਉਮੀਦ ਹੈ। ਸੂਤਰਾਂ ਨੇ ਕਿਹਾ ਕਿ ਇਸ ਸਮਝੌਤੇ ਵਿੱਚ ਸਾਰੇ ਮੋਰਚਿਆਂ 'ਤੇ ਤੁਰੰਤ, ਵਿਆਪਕ, ਬਿਨਾਂ ਸ਼ਰਤ ਜੰਗਬੰਦੀ ਅਤੇ ਹਾਰਮੁਜ਼ ਜਲਡਮਰੂ ਜਲ ਮਾਰਗ ਰਾਹੀਂ ਸੁਰੱਖਿਅਤ ਜਹਾਜ਼ਾਂ ਦੀ ਆਵਾਜਾਈ ਦੀ ਆਜ਼ਾਦੀ ਸ਼ਾਮਲ ਹੋਵੇਗੀ। ਇਹ ਸਮਝੌਤਾ ਦੋਵਾਂ ਧਿਰਾਂ ਦੁਆਰਾ ਐਲਾਨਿਆ ਜਾਵੇਗਾ। ਇਸ ਸਮਝੌਤੇ ਵਿੱਚ ਫੌਜੀ, ਨਾਗਰਿਕ ਜਾਂ ਆਰਥਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਨਾ ਬਣਾਉਣ ਦੀ ਆਪਸੀ ਵਚਨਬੱਧਤਾ ਪ੍ਰਗਟਾਈ ਗਈ ਹੈ ਤੇ ਸਾਰੇ ਫੌਜੀ ਅਪਰੇਸ਼ਨਾਂ ਨੂੰ ਖਤਮ ਕਰਨਾ ਅਤੇ ਮੀਡੀਆ ਯੁੱਧ ਨੂੰ ਰੋਕਣਾ ਸ਼ਾਮਲ ਹੈ।

## ਬੈਲਟ ਪੇਪਰ ਰਾਹੀਂ ਹੀ ਹੋਣਗੀਆਂ ਪੰਜਾਬ ਨਿਗਮ ਚੋਣਾਂ

**ਚੰਡੀਗੜ੍ਹ** : ਪੰਜਾਬ-ਹਰਿਆਣਾ ਹਾਈਕੋਰਟ ਨੇ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਈ ਵੀ ਐੱਮ ਰਾਹੀਂ ਕਰਵਾਉਣ ਦੀ ਮੰਗ ਕਰਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਚੋਣਾਂ ਬੈਲੇਟ ਪੇਪਰਾਂ ਰਾਹੀਂ ਹੀ ਹੋਣਗੀਆਂ। ਪੰਜਾਬ 'ਚ ਨਿਗਮ ਚੋਣਾਂ 'ਚ ਧੱਕੇਸ਼ਾਹੀ ਨਾ ਹੋਣ ਅਤੇ ਚੋਣਾਂ ਨਿਰਪੱਖ ਢੰਗ ਨਾਲ ਕਰਵਾਉਣ ਲਈ ਮੁਹਾਲੀ ਦੀ ਐਡਵੋਕੇਟ ਰੁਚਿਕਾ ਗਰਗ ਨੇ ਪਟੀਸ਼ਨ ਦਾਖਲ ਕੀਤੀ ਸੀ। ਮਾਮਲੇ ਦੀ ਸੁਣਵਾਈ ਦੌਰਾਨ ਹਾਈਕੋਰਟ ਨੇ ਕਿਹਾ ਕਿ ਹੁਣ ਦੇਰ ਹੋ ਚੁੱਕੀ ਹੈ, ਕਿਉਂਕਿ ਚੋਣਾਂ ਦਾ ਪੂਰਾ ਪ੍ਰੋਗਰਾਮ ਜਾਰੀ ਹੋ ਚੁੱਕਾ ਹੈ ਅਤੇ ਹੁਣ ਇਸ ਮਾਮਲੇ ਵਿੱਚ ਦਖਲ ਦੇਣਾ ਠੀਕ ਨਹੀਂ ਹੈ।

## ਐੱਸ ਬੀ ਆਈ ਦੀਆਂ ਬਰਾਂਚਾਂ 6 ਦਿਨ ਬੰਦ!

**ਨਵੀਂ ਦਿੱਲੀ (ਨ ਜ਼ ਸ)**- ਸਟੇਟ ਬੈਂਕ ਆਫ ਇੰਡੀਆ ਦੀਆਂ ਬਰਾਂਚਾਂ 23 ਮਈ ਤੋਂ 28 ਮਈ ਤੱਕ ਬੰਦ ਰਹਿ ਸਕਦੀਆਂ ਹਨ। 23 ਮਈ ਮਹੀਨੇ ਦਾ ਚੌਥਾ ਸ਼ਨੀਵਾਰ ਹੈ ਅਤੇ 24 ਮਈ ਐਤਵਾਰ ਹੈ। ਆਲ ਇੰਡੀਆ ਸਟੇਟ ਬੈਂਕ ਆਫ ਇੰਡੀਆ ਸਟਾਫ ਫੈਡਰੇਸ਼ਨ ਨੇ ਵੱਖ-ਵੱਖ ਮੰਗਾਂ ਲਈ 25 ਅਤੇ 26 ਮਈ (ਸੋਮਵਾਰ ਅਤੇ ਮੰਗਲਵਾਰ) ਨੂੰ ਦੋ ਦਿਨਾਂ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਹੈ। ਇਸ ਦਾ ਸਿੱਧਾ ਪ੍ਰਭਾਵ ਬੈਂਕ ਦੇ ਕੰਮਕਾਜ 'ਤੇ ਪੈ ਸਕਦਾ ਹੈ। ਵੱਖ-ਵੱਖ ਰਾਜਾਂ ਵਿੱਚ ਬਕਰੀਦ ਦਾ ਤਿਉਹਾਰ ਵੱਖ-ਵੱਖ ਦਿਨਾਂ 'ਤੇ ਮਨਾਇਆ ਜਾਵੇਗਾ, ਜਿਸ ਲਈ ਆਰ ਬੀ ਆਈ ਨੇ ਦੋ ਦਿਨ (27-28 ਮਈ) ਛੁੱਟੀਆਂ ਵਜੋਂ ਨਿਰਧਾਰਤ ਕੀਤੇ ਹਨ, ਕਿਉਂਕਿ ਹੜਤਾਲ ਕਲਰਕ ਅਤੇ ਹੋਰ ਸਟਾਫ ਕਰ ਰਿਹਾ ਹੈ, ਇਸ ਲਈ ਚੈੱਕ ਕਲੀਅਰਿੰਗ, ਕੈਸ਼ ਕਾਊਂਟਰ ਅਤੇ ਪਾਸਬੁੱਕ ਅਪਡੇਟ ਵਰਗੇ ਕੰਮ ਠੱਪ ਰਹਿ ਸਕਦੇ ਹਨ।

## ਮੁਸਲਿਮ ਪੱਖ ਭੋਜਸ਼ਾਲਾ ਮਸਜਿਦ 'ਤੇ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਪੁੱਜਾ

**ਧਾਰ (ਮੱਧ ਪ੍ਰਦੇਸ਼)** : ਮੁਸਲਿਮ ਪੱਖ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਭਾਰਤ ਦੀ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ, ਜਿਸ ਵਿੱਚ ਧਾਰ ਵਿੱਚ ਭੋਜਸ਼ਾਲਾ ਮਸਜਿਦ ਕੰਪਲੈਕਸ ਨੂੰ ਇੱਕ ਮੰਦਰ ਘੋਸ਼ਿਤ ਕੀਤਾ ਗਿਆ ਸੀ। ਇਹ ਵਿਸ਼ੇਸ਼ ਲੀਵ ਪਟੀਸ਼ਨ ਕਾਜ਼ੀ ਮੋਈਨੁੱਦੀਨ ਦੁਆਰਾ ਦਾਇਰ ਕੀਤੀ ਗਈ ਹੈ, ਜੋ ਆਪਣੇ ਆਪ ਨੂੰ ਕਮਾਲ ਮੌਲਾ ਮਸਜਿਦ ਦਾ ਦੇਖਭਾਲ ਕਰਤਾ ਦੱਸਦੇ ਹਨ। ਹਿੰਦੂ ਪੱਖ ਦਾ ਦਾਅਵਾ ਹੈ ਕਿ ਭੋਜਸ਼ਾਲਾ ਮਸਜਿਦ ਕੰਪਲੈਕਸ ਦੇਵੀ ਸਰਸਵਤੀ ਦਾ ਇੱਕ ਮੰਦਰ ਹੈ, ਉੱਥੇ ਹੀ ਮੁਸਲਿਮ ਪੱਖ ਦਾ ਮੰਨਣਾ ਹੈ ਕਿ ਇਹ ਕਮਾਲ ਮੌਲਾ ਮਸਜਿਦ ਹੈ। ਮੁਸਲਿਮ ਭਾਈਚਾਰੇ ਨੇ ਕਿਹਾ ਹੈ ਕਿ ਉਹ ਪਟੀਸ਼ਨ ਦਾਇਰ ਕਰਨ ਤੋਂ ਤੁਰੰਤ ਬਾਅਦ ਸੁਪਰੀਮ ਕੋਰਟ ਤੋਂ ਸਟੇਅ ਆਰਡਰ ਦੀ ਉਮੀਦ ਕਰ ਰਹੇ ਹਨ। ਮੁਸਲਿਮ ਭਾਈਚਾਰੇ ਦੇ ਪ੍ਰਧਾਨ ਨੇ ਕਿਹਾ, "ਅਸੀਂ ਭੋਜਸ਼ਾਲਾ ਵਿੱਚ ਨਮਾਜ਼ ਅਦਾ ਨਹੀਂ ਕਰਾਂਗੇ, ਕਿਉਂਕਿ ਪ੍ਰਸ਼ਾਸਨ ਨੇ ਇਜਾਜ਼ਤ ਨਹੀਂ ਦਿੱਤੀ ਹੈ।" ਇਸ ਦੌਰਾਨ ਹਿੰਦੂ ਧਿਰ ਭੋਜਸ਼ਾਲਾ ਕੰਪਲੈਕਸ ਉਪਰ ਪੂਰੀ ਤਰ੍ਹਾਂ ਨਿਯੰਤਰਣ ਕਰਨ ਦੀ ਤਿਆਰੀ 'ਚ ਹੈ।

## ਪਠਾਨਕੋਟ ਵਾਸੀ ਜਾਸੂਸੀ ਮਾਮਲੇ 'ਚ ਗ੍ਰਿਫ਼ਤਾਰ

**ਚੰਡੀਗੜ੍ਹ/ਪਠਾਨਕੋਟ (ਨ ਜ਼ ਸ)**- ਪੰਜਾਬ ਦੇ ਪਠਾਨਕੋਟ ਦੇ ਇੱਕ ਨਿਵਾਸੀ ਨੂੰ ਪਾਕਿਸਤਾਨ ਸਥਿਤ ਹੈਂਡਲਰਾਂ ਲਈ ਜਾਸੂਸੀ ਕਰਨ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਨੁਸਾਰ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਚੱਕ ਧਾਰੀਵਾਲ ਪਿੰਡ ਦੇ ਰਹਿਣ ਵਾਲੇ ਬਲਜੀਤ ਸਿੰਘ ਨੇ ਕਥਿਤ ਤੌਰ 'ਤੇ ਫੌਜ ਅਤੇ ਅਰਧ ਸੈਨਿਕ ਬਲਾਂ ਦੀ ਹਰਕਤ 'ਤੇ ਨਜ਼ਰ ਰੱਖਣ ਲਈ ਰਾਸ਼ਟਰੀ ਰਾਜਮਾਰਗ-44 'ਤੇ ਇੱਕ ਪੁਲ ਦੇ ਨੇੜੇ ਸਥਿਤ ਇੱਕ ਦੁਕਾਨ 'ਤੇ ਸੀ ਸੀ ਟੀ ਵੀ ਕੈਮਰਾ ਲਗਾਇਆ ਸੀ। ਉਹ ਇਸ ਦੀ ਲਾਈਵ ਫੀਡ ਪਾਕਿਸਤਾਨ ਸਥਿਤ ਹੈਂਡਲਰਾਂ ਨੂੰ ਭੇਜ ਰਿਹਾ ਸੀ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਬੂਲ ਕੀਤਾ ਕਿ ਉਸ ਨੇ ਜਨਵਰੀ ਵਿੱਚ ਇੰਟਰਨੈੱਟ ਆਧਾਰਤ ਸੀ ਸੀ ਟੀ ਵੀ ਕੈਮਰਾ ਲਗਾਇਆ ਸੀ। ਉਸ ਨੂੰ ਦੁਬਈ ਦੇ ਇੱਕ ਅਣਪਛਾਤੇ ਵਿਅਕਤੀ ਤੋਂ ਵੀ ਨਿਰਦੇਸ਼ ਮਿਲ ਰਹੇ ਸਨ। ਪੁਲਸ ਨੇ ਦਾਅਵਾ ਕੀਤਾ ਕਿ ਉਸ ਨੂੰ 40,000 ਰੁਪਏ ਦਿੱਤੇ ਗਏ ਸਨ। ਪੁਲਸ ਨੇ ਸੀ ਸੀ ਟੀ ਵੀ ਕੈਮਰਾ ਬਰਾਮਦ ਕਰ ਲਿਆ ਹੈ।

## ਡੀ ਰਾਜਾ ਤੇ ਪਾਂਡਾ ਅੱਜ ਤੋਂ ਮਾਸਕੋ ਦੌਰੇ 'ਤੇ

**ਲੁਧਿਆਣਾ (ਐਮ ਐਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਅਤੇ ਪਾਰਟੀ ਦੇ ਅੰਤਰਰਾਸ਼ਟਰੀ ਵਿਭਾਗ ਦੇ ਮੁਖੀ ਰਾਮਾ ਕ੍ਰਿਸ਼ਨਾ ਪਾਂਡਾ 23 ਤੋਂ 27 ਮਈ ਤੱਕ ਮਾਸਕੋ ਵਿੱਚ ਅੰਤਰਰਾਸ਼ਟਰੀ ਦਹਿਸ਼ਤਗਰਦੀ ਵਿਰੋਧੀ ਫੋਰਮ ਦੀ ਮੀਟਿੰਗ ਵਿੱਚ ਭਾਗ ਲੈਣਗੇ। ਇਹ ਫੋਰਮ ਅੰਤਰਰਾਸ਼ਟਰੀ ਦਹਿਸ਼ਤਗਰਦੀ, ਧੌਂਸ ਅਤੇ ਹਮਲਾਵਰੀ ਖ਼ਿਲਾਫ਼ ਸੰਘਰਸ਼ — ਅਮਨ ਅਤੇ ਸੁਰੱਖਿਆ ਵਿਸ਼ੇ 'ਤੇ ਵਿਚਾਰ-ਵਟਾਂਦਰਾ ਕਰੇਗਾ ਅਤੇ ਦੁਨੀਆ ਭਰ ਦੀਆਂ ਪ੍ਰਗਤੀਸ਼ੀਲ, ਖੱਬੇ ਪੱਖੀ ਅਤੇ ਸਮਰਾਜਵਾਦ ਵਿਰੋਧੀ ਤਾਕਤਾਂ ਨੂੰ ਇਕੱਠਾ ਕਰੇਗਾ। ਕਾਮਰੇਡ ਡੀ ਰਾਜਾ 21ਵੀਂ ਸਦੀ ਵਿੱਚ ਸਾਮਰਾਜਵਾਦ ਅਤੇ ਅੰਤਰਰਾਸ਼ਟਰੀ ਦਹਿਸ਼ਤਗਰਦੀ : ਕਾਰਨ, ਮਕਸਦ ਅਤੇ ਢੰਗ ਵਿਸ਼ੇ 'ਤੇ ਪਹਿਲੇ ਸੈਸ਼ਨ ਨੂੰ ਸੰਬੋਧਨ ਕਰਨਗੇ, ਜਦਕਿ ਕਾਮਰੇਡ ਰਾਮਾ ਕ੍ਰਿਸ਼ਨਾ ਪਾਂਡਾ ਅੰਤਰਰਾਸ਼ਟਰੀ ਦਹਿਸ਼ਤਗਰਦੀ ਅਤੇ ਇਸ ਦੇ ਵੱਖ-ਵੱਖ ਰੂਪਾਂ ਖ਼ਿਲਾਫ਼ ਸੰਘਰਸ਼ ਵਿੱਚ ਏਕਤਾ: ਪ੍ਰਗਤੀਸ਼ੀਲ ਖੱਬੇ ਪੱਖੀ ਤਾਕਤਾਂ ਦੀ ਭੂਮਿਕਾ ਵਿਸ਼ੇ 'ਤੇ ਦੂਜੇ ਸੈਸ਼ਨ ਨੂੰ ਸੰਬੋਧਨ ਕਰਨਗੇ।

ਦੌਰੇ ਦੌਰਾਨ ਸੀ ਪੀ ਆਈ ਦਾ ਪ੍ਰਤੀਨਿਧ ਮੰਡਲ ਵੱਖ-ਵੱਖ ਦੇਸ਼ਾਂ ਦੇ ਪ੍ਰਗਤੀਸ਼ੀਲ ਆਗੂਆਂ, ਕਮਿਊਨਿਸਟ ਅਤੇ ਮਜ਼ਦੂਰ ਪਾਰਟੀਆਂ, ਅਮਨ ਕਾਰਕੁੰਨਾਂ ਅਤੇ ਸਾਮਰਾਜਵਾਦ ਵਿਰੋਧੀ ਤਾਕਤਾਂ ਨਾਲ ਮੁਲਾਕਾਤ ਕਰੇਗਾ। ਪ੍ਰਤੀਨਿਧ ਮੰਡਲ ਕਮਿਊਨਿਸਟ ਪਾਰਟੀ ਆਫ ਦਾ ਰਸ਼ੀਅਨ ਫੈਡਰੇਸ਼ਨ ਨਾਲ ਆਪਸੀ ਚਿੰਤਾਵਾਂ, ਅੰਤਰਰਾਸ਼ਟਰੀ ਹਾਲਾਤ, ਅਮਨ, ਲੋਕਤੰਤਰ ਅਤੇ ਦੁਨੀਆ ਭਰ ਦੀਆਂ ਪ੍ਰਗਤੀਸ਼ੀਲ ਤਾਕਤਾਂ ਵਿਚਕਾਰ ਏਕਤਾ ਮਜ਼ਬੂਤ ਕਰਨ ਸਬੰਧੀ ਦੋ-ਪੱਖੀ ਚਰਚਾਵਾਂ ਵੀ ਕਰੇਗਾ।

## ਉਮਰ ਖਾਲਿਦ ਦਾ ਕੇਸ ਵੱਡੀ ਬੈਂਚ ਹਵਾਲੇ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਛੇ ਮਹੀਨਿਆਂ ਦੀ ਅੰਤਰਮ ਜ਼ਮਾਨਤ ਦੇ ਦਿੱਤੀ, ਜਦੋਂ ਕਿ ਇਸ ਮੁੱਦੇ ਨੂੰ ਇੱਕ ਵੱਡੀ ਬੈਂਚ ਕੋਲ ਭੇਜ ਦਿੱਤਾ ਕਿ ਕੀ ਕਿਸੇ ਵਿਅਕਤੀ ਨੂੰ ਲੰਬੇ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਕਾਨੂੰਨ ਵੱਲੋਂ ਨਿਰਧਾਰਤ ਸਖਤ ਜ਼ਮਾਨਤ ਸੀਮਾਵਾਂ ਦੇ ਬਾਵਜੂਦ ਮੁਕੱਦਮੇ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਪੀ ਬੀ ਵਰਾਲੇ ਦੀ ਬੈਂਚ ਨੇ ਜਸਟਿਸ ਬੀ ਵੀ ਨਾਗਰਥਨਾ ਦੀ ਅਗਵਾਈ ਵਾਲੀ ਬੈਂਚ ਵੱਲੋਂ ਦਿੱਤੇ ਗਏ ਹਾਲੀਆ ਫੈਸਲੇ 'ਤੇ ਕੋਈ ਟਿੱਪਣੀ ਨਾ ਕਰਨ ਦੀ ਚੋਣ ਕੀਤੀ। ਉਸ ਫੈਸਲੇ ਨੇ 5 ਜਨਵਰੀ ਦੇ ਉਸ ਫੈਸਲੇ ਦੀ ਆਲੋਚਨਾ ਕੀਤੀ ਸੀ, ਜਿਸ ਵਿੱਚ ਕਾਰਕੁੰਨ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਦਿੱਲੀ ਪੁਲਸ ਨੇ ਅਦਾਲਤ ਨੂੰ ਇੱਕ ਵੱਡੀ ਬੈਂਚ ਦੇ ਸਾਹਮਣੇ ਇਹ ਕਾਨੂੰਨੀ ਸਵਾਲ ਰੱਖਣ ਲਈ ਕਿਹਾ ਸੀ ਕਿ ਕੀ ਮੁਕੱਦਮੇ ਤੋਂ ਪਹਿਲਾਂ ਲੰਬੇ ਸਮੇਂ ਦੀ ਕੈਦ ਅਤੇ ਕਾਰਵਾਈ ਵਿੱਚ ਦੇਰੀ ਨੂੰ ਅੱਤਵਾਦ ਵਿਰੋਧੀ ਕਾਨੂੰਨਾਂ, ਜਿਵੇਂ ਕਿ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ, 1967 (ਯੂ ਏ ਪੀ ਏ) ਦੇ ਤਹਿਤ ਜ਼ਮਾਨਤ ਲਈ ਸਖਤ ਸ਼ਰਤਾਂ ਉੱਤੇ ਤਰਜੀਹ ਦਿੱਤੀ ਜਾ ਸਕਦੀ ਹੈ। ਬੈਂਚ ਨੇ ਕਿਹਾ ਕਿ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦਾ ਫੈਸਲਾ ਹਰੇਕ ਮੁਲਜ਼ਮ ਦਾ ਵਿਅਕਤੀਗਤ ਤੌਰ 'ਤੇ ਮੁਲੰਕਣ ਕਰਨ ਅਤੇ ਉਨ੍ਹਾਂ ਨੂੰ ਸੌਂਪੀ ਗਈ ਭੂਮਿਕਾ 'ਤੇ ਵਿਚਾਰ ਕਰਨ ਤੋਂ ਬਾਅਦ ਲਿਆ ਗਿਆ ਸੀ। ਬੈਂਚ ਨੇ ਕਿਹਾ ਕਿ ਫੈਸਲੇ ਵਿੱਚ ਧਾਰਾ 21 ਨੂੰ ਹੋਰ ਵਿਚਾਰਾਂ ਤੋਂ ਹੇਠਾਂ ਨਹੀਂ ਰੱਖਿਆ ਗਿਆ ਹੈ। ਬੈਂਚ ਨੇ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ ਅਬਦੁਲ ਖਾਲਿਦ ਸੈਫੀ ਅਤੇ ਤਸਲੀਮ ਅਹਿਮਦ ਨੂੰ ਕੁਝ ਸ਼ਰਤਾਂ ਦੇ ਅਧੀਨ ਛੇ ਮਹੀਨਿਆਂ ਦੀ ਅੰਤਰਮ ਜ਼ਮਾਨਤ ਦੇ ਦਿੱਤੀ। ਬੈਂਚ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਇਸ ਮਾਮਲੇ ਨੂੰ ਚੀਫ ਜਸਟਿਸ ਸੂਰੀਆ ਕਾਂਤ ਦੇ ਸਾਹਮਣੇ ਰੱਖਿਆ ਜਾਵੇ ਤਾਂ ਜੋ ਇਸ ਨਾਲ ਸੰਬੰਧਤ ਕਾਨੂੰਨੀ ਸਵਾਲ 'ਤੇ ਅਧਿਕਾਰਤ ਫੈਸਲਾ ਸੁਣਾਉਣ ਲਈ ਇੱਕ ਢੁਕਵੀਂ ਬੈਂਚ ਸਥਾਪਤ ਕੀਤੀ ਜਾ ਸਕੇ।

### ਤਿੰਨ ਦਿਨ ਦੀ ਜ਼ਮਾਨਤ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਦੀ ਜਸਟਿਸ ਪ੍ਰਤਿਭਾ ਐੱਮ ਸਿੰਘ ਅਤੇ ਜਸਟਿਸ ਮਧੂ ਜੈਨ ਦੀ ਬੈਂਚ ਨੇ ਸ਼ੁੱਕਰਵਾਰ ਉਮਰ ਖਾਲਿਦ ਨੂੰ 1 ਜੂਨ ਤੋਂ 3 ਜੂਨ ਤੱਕ ਰਿਹਾਅ ਕਰਨ ਦੀ ਇਜਾਜ਼ਤ ਦੇ ਦਿੱਤੀ ਤਾਂ ਜੋ ਉਹ ਆਪਣੀ ਮਾਂ ਨੂੰ ਮਿਲ ਸਕੇ, ਜਿਨ੍ਹਾ ਦੀ ਸਰਜਰੀ ਹੋਣੀ ਹੈ। ਬੈਂਚ ਨੇ ਨੋਟ ਕੀਤਾ ਕਿ ਸੁਪਰੀਮ ਕੋਰਟ ਨੇ 5 ਜਨਵਰੀ ਨੂੰ ਖਾਲਿਦ ਦੀ ਨਿਯਮਤ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ ਪਰ 'ਹਮਦਰਦੀ ਵਾਲਾ ਰੁਖ਼' ਅਪਣਾਉਂਦੇ ਹੋਏ ਉਸ ਨੂੰ ਇਹ ਰਾਹਤ ਦਿੱਤੀ ਹੈ।

## ਭਾਜਪਾ 'ਭਗਤ' ਵਾਲ-ਵਾਲ ਬਚਿਆ !

**ਨਵੀਂ ਦਿੱਲੀ (ਨ ਜ਼ ਸ)** - ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਦੇ ਕਰੀਬੀ ਸਹਿਯੋਗੀ ਚੰਦਰਨਾਥ ਰੱਥ ਦੇ ਕਤਲ ਦੇ ਸੰਬੰਧ 'ਚ ਸੀ ਬੀ ਆਈ ਵੱਲੋਂ 'ਗਲਤੀ ਨਾਲ' ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ 20 ਮਈ ਨੂੰ ਰਿਹਾਈ ਨੇ ਯੂ ਪੀ ਪੁਲਸ ਦੀ ਕਾਰਕਰਦਗੀ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। 28 ਸਾਲਾ ਰਾਜ ਸਿੰਘ ਨੂੰ ਪੁਲਸ ਨੇ 10 ਮਈ ਨੂੰ ਗ੍ਰਿਫਤਾਰ ਕੀਤਾ ਸੀ। ਸੀ ਬੀ ਆਈ ਨੇ 11 ਮਈ ਨੂੰ ਇਸ ਮਾਮਲੇ ਵਿੱਚ ਇੱਕ ਵੱਖਰੀ ਐੱਫ ਆਈ ਆਰ ਦਰਜ ਕਰਨ ਤੋਂ ਬਾਅਦ ਜਾਂਚ ਆਪਣੇ ਹੱਥ ਵਿੱਚ ਲੈ ਲਈ ਸੀ। ਸੀ ਬੀ ਆਈ ਨੇ ਪਾਇਆ ਕਿ ਉਸਨੂੰ ਕਥਿਤ ਮੁੱਖ ਸ਼ੂਟਰ ਰਾਜ ਕੁਮਾਰ ਸਿੰਘ ਦੇ ਨਾਂਅ ਨਾਲ ਉਲਝਣ ਕਾਰਨ ਗਲਤੀ ਨਾਲ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਰਾਜ ਸਿੰਘ ਨੂੰ ਯੂ ਪੀ ਪੁਲਸ ਨੇ ਅਯੁੱਧਿਆ ਤੋਂ ਹਿਰਾਸਤ ਵਿੱਚ ਲੈ ਕੇ ਬੰਗਾਲ ਪੁਲਸ ਦੇ ਹਵਾਲੇ ਕੀਤਾ ਸੀ। ਭਾਜਪਾ ਨੇਤਾਵਾਂ ਨਾਲ ਉਸਦੀ ਤਸਵੀਰ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਪ੍ਰਸਾਰਤ ਹੋਈ, ਜਿਸ ਨਾਲ ਸਿਆਸੀ ਅਟਕਲਾਂ ਨੂੰ ਹਵਾ ਮਿਲੀ। ਮਾਮਲੇ ਵਿੱਚ ਕਲੀਨ ਚਿੱਟ ਮਿਲਣ ਤੋਂ ਬਾਅਦ ਉਸਨੂੰ ਬੁੱਧਵਾਰ ਕੋਲਕਾਤਾ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਰਾਜ ਸਿੰਘ ਨੇ ਦੋਸ਼ ਲਗਾਇਆ ਕਿ ਕੋਲਕਾਤਾ ਲਿਜਾਣ ਤੋਂ ਬਾਅਦ ਸੀ ਆਈ ਡੀ ਨੇ ਉਸਨੂੰ ਉਹ ਅਪਰਾਧ ਕਬੂਲ ਕਰਨ ਲਈ ਤਸੀਹੇ ਦਿੱਤੇ, ਜੋ ਉਸਨੇ ਕੀਤਾ ਹੀ ਨਹੀਂ ਸੀ। ਆਪਣੇ ਆਪ ਨੂੰ ਅਖਿਲ ਭਾਰਤੀ ਕਸ਼ੱਤਰੀ ਮਹਾਂਸਭਾ ਦਾ ਸੂਬਾ ਜਨਰਲ ਸਕੱਤਰ ਦੱਸਣ ਵਾਲੇ ਰਾਜ ਸਿੰਘ ਨੇ ਸੀ ਬੀ ਆਈ ਦਾ ਧੰਨਵਾਦ ਕਰਦਿਆਂ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਉਸ ਦੀ ਗ੍ਰਿਫਤਾਰੀ ਵਿੱਚ ਸ਼ਾਮਲ ਪੁਲਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਸਨੇ ਕਿਹਾ ਕਿ ਉਸਨੂੰ ਡਰ ਲੱਗਾ ਰਿਹਾ ਕਿ ਮੁਕਾਬਲੇ ਵਿੱਚ ਮਾਰ ਦਿੱਤਾ ਜਾਵੇਗਾ।



ਬਲੀਆ ਦੇ ਆਨੰਦ ਨਗਰ ਇਲਾਕੇ ਵਿੱਚ ਆਪਣੇ ਘਰ 'ਤੇ ਗੱਲ ਕਰਦਿਆਂ ਉਸਨੇ ਦੋਸ਼ ਲਗਾਇਆ ਕਿ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐੱਸ ਓ ਜੀ) ਦੇ ਜਵਾਨਾਂ ਨੇ ਉਸਨੂੰ ਮਾਨਸਕ ਤੌਰ 'ਤੇ ਪ੍ਰੇਸ਼ਾਨ ਕੀਤਾ, ਉਸਨੂੰ ਝੂਠੇ ਮੁਕਾਬਲੇ ਦੀ ਧਮਕੀ ਦਿੱਤੀ ਅਤੇ ਉਸਨੂੰ ਇਕਬਾਲ ਕਰਨ ਲਈ ਦਬਾਅ ਪਾਇਆ। ਸੰਬੰਧਤ ਅਧਿਕਾਰੀਆਂ ਨੇ ਅਜੇ ਤੱਕ ਦੋਸ਼ਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਆਮ ਆਦਮੀ ਪਾਰਟੀ ਦੇ ਨੇਤਾ ਮਨੀਸ਼ ਸਿਸੋਦੀਆ ਨੇ ਪੋਸਟ ਪਾਈ ਹੈ, "ਰਾਜ ਸਿੰਘ ਅਤੇ ਉਨ੍ਹਾਂ ਦਾ ਪਰਵਾਰ ਭਾਜਪਾ ਦੇ ਸ਼ਰਧਾਲੂ ਹਨ। ਉਨ੍ਹਾਂ ਨੇ ਪੁਲਸ ਮੁਕਾਬਲਿਆਂ, ਈ ਡੀ-ਸੀ ਬੀ ਆਈ ਛਾਪਿਆਂ ਅਤੇ ਫਰਜ਼ੀ ਮਾਮਲਿਆਂ 'ਚ ਗ੍ਰਿਫਤਾਰੀਆਂ ਦੀ ਵੀ ਬਹੁਤ ਤਾਰੀਫ ਕੀਤੀ ਹੋਵੇਗੀ। ਭਾਜਪਾ ਨੂੰ ਉਨ੍ਹਾਂ ਦੀਆਂ ਤਾੜੀਆਂ ਤੋਂ ਹੋਰ ਵੀ ਹਿੰਮਤ ਮਿਲੀ ਹੋਵੇਗੀ ਕਿ ਜਦੋਂ ਵੀ ਉਹ ਚਾਹੁੰਣ, ਕਿਸੇ ਵੀ ਦੋਸ਼ ਵਿੱਚ ਚਾਹੁੰਣ, ਕਿਸੇ ਨੂੰ ਵੀ ਗ੍ਰਿਫਤਾਰ ਕਰ ਸਕਦੇ ਹਨ, ਮੁਕਾਬਲੇ ਕਰਵਾ ਸਕਦੇ ਹਨ। ਪਰ ਰੱਬ ਦਾ ਸ਼ੁਕਰ ਹੈ। ਉਹ ਬਚ ਗਏ। ਨਹੀਂ ਤਾਂ, ਅੰਨ੍ਹਾ ਭਗਤ ਮੀਡੀਆ ਚੀਕਦਾ ਕਿ ਭਾਜਪਾ ਦੀ ਪੁਲਸ ਨੇ ਮਾਸਟਰਮਾਈਂਡ ਨੂੰ ਕਿਵੇਂ ਮਾਰ ਦਿੱਤਾ ਹੈ। ਉਨ੍ਹਾਂ ਨੇ ਭਾਜਪਾ ਲਈ ਜੋ ਤਾੜੀਆਂ ਮਾਰੀਆਂ, ਉਹ ਉਨ੍ਹਾਂ ਦੇ ਆਪਣੇ ਮੁਕਾਬਲੇ ਲਈ ਗੋਲੀਆਂ ਵਿੱਚ ਬਦਲਣ ਵਾਲੀਆਂ ਸਨ। ਰੱਬ ਦਾ ਸ਼ੁਕਰ ਹੈ।"

## ਫੋਗਾਟ ਮਾਮਲੇ 'ਚ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਝਾੜ



**ਨਵੀਂ ਦਿੱਲੀ (ਨ ਜ਼ ਸ)**- ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਮਸ਼ਹੂਰ ਪਹਿਲਵਾਨ ਵਿਨੇਸ਼ ਫੋਗਾਟ ਨੂੰ ਘਰੇਲੂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ 'ਅਯੋਗ' ਘੋਸ਼ਿਤ ਕਰਨ ਦੇ ਫੈਸਲੇ ਲਈ ਝਾੜ ਪਾਈ ਅਤੇ ਕੇਂਦਰ ਨੂੰ ਉਸ ਦਾ ਮੁਲਾਂਕਣ ਕਰਨ ਲਈ ਇੱਕ ਮਾਹਰ ਪੈਨਲ ਗਠਿਤ ਕਰਨ ਲਈ ਕਿਹਾ। ਚੀਫ਼ ਜਸਟਿਸ ਡੀ ਕੇ ਉਪਾਧਿਆਏ ਅਤੇ ਜਸਟਿਸ ਤੇਜਸ ਕਰੀਆ ਦੇ ਬੈਂਚ ਨੇ ਦੇਖਿਆ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਨਾਮਵਰ ਐਥਲੀਟਾਂ ਦੀ ਭਾਗੀਦਾਰੀ ਦੀ ਆਗਿਆ ਦੇਣ ਦੇ ਪੁਰਾਣੇ ਅਭਿਆਸ ਤੋਂ ਹਟਣਾ 'ਬਹੁਤ ਕੁਝ ਬੋਲਦਾ ਹੈ' ਅਤੇ ਕੇਂਦਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਫੋਗਾਟ, ਜੋ ਜਣੇਪਾ ਛੁੱਟੀ ਤੋਂ ਵਾਪਸੀ ਦੀ ਮੰਗ ਕਰ ਰਹੀ ਹੈ, ਨੂੰ ਆਉਣ ਵਾਲੇ ਏਸ਼ੀਆਈ ਖੇਡਾਂ ਦੇ ਚੋਣ ਟਰਾਇਲਾਂ ਵਿੱਚ ਹਿੱਸਾ ਲੈਣ ਦੀ ਆਗਿਆ ਦਿੱਤੀ ਜਾਵੇ। ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਵਿੱਚ ਮਾਂ ਬਣਨ ਦਾ ਜਸ਼ਨ ਮਨਾਇਆ ਜਾਂਦਾ ਹੈ ਅਤੇ ਫੈਡਰੇਸ਼ਨ ਨੂੰ 'ਬਦਲਾ ਲੈਣ' ਨਾਲ ਕੰਮ ਨਹੀਂ ਕਰਨਾ ਚਾਹੀਦਾ।

## ਅੱਜ-ਨਾਮਾ

ਚੋਣ ਕਮਿਸ਼ਨ ਦੀ ਗਲ਼ੀ ਨਾ ਦਾਲ ਮਿੱਤਰ,
ਪਹੁੰਚੀ ਸਿਰੇ ਨਹੀਂ ਜਾਪਦੀ ਚਾਲ ਮਿੱਤਰ।
ਮਸ਼ੀਨੀ ਵੋਟਿੰਗ ਦੀ ਬਾਤ ਨਾ ਗਈ ਮੰਨੀ,
ਨਿਭੇ ਨਿਯਮ ਨਹੀਂ ਓਸ ਦੇ ਨਾਲ ਮਿੱਤਰ।
ਦੇਣੋਂ ਦਖਲ ਅਦਾਲਤ ਇਨਕਾਰ ਕਰਿਆ,
ਰਹਿ ਗਏ ਖੜੇ ਆ ਕਈ ਸਵਾਲ ਮਿੱਤਰ।
ਚੱਲਦੀ ਚੋਣ ਜਦ ਆਣ ਸੀ ਦਖਲ ਦਿੱਤਾ,
ਫਸਿਆ ਆਪਣੇ ਬੁਣੇ ਹੋਏ ਜਾਲ ਮਿੱਤਰ।
ਤਾਂ ਵੀ ਖੇਡਾਂ ਤੋਂ ਹਾਲੇ ਨਾ ਬਾਜ਼ ਆਉਣਾ,
ਚਾਬੀ ਮਾਲਕਾਂ ਐਸੀ ਜਦ ਲਾਈ ਮਿੱਤਰ।
ਹੁੰਦੀ ਚਰਚਾ ਕਮਿਸ਼ਨ ਨੂੰ ਫਿਕਰ ਨਾਹੀਂ,
ਜਾਂਦਾ ਰੋਜ਼ ਪਿਆ ਖੇਹ ਉਡਾਈ ਮਿੱਤਰ।

-ਤੀਸ ਮਾਰ ਖਾਂ

## ਅਵਾਰਾ ਕੁੱਤਿਆਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕਰਾਂਗੇ : ਭਗਵੰਤ ਮਾਨ

**ਚੰਡੀਗੜ੍ਹ ( ਗੁਰਜੀਤ ਬਿੱਲਾ)**

ਪੰਜਾਬ ਦੇ ਕਈ ਹਿੱਸਿਆਂ ਵਿੱਚ ਅਵਾਰਾ ਕੁੱਤਿਆਂ ਦੇ ਹਮਲਿਆਂ ਦੀਆਂ ਵਧਦੀਆਂ ਘਟਨਾਵਾਂ ਬਾਰੇ ਵਧਦੀ ਚਿੰਤਾ ਵਿਚਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪੰਜਾਬ ਸਰਕਾਰ, ਲੋਕਾਂ ਦੀ ਸੁਰੱਖਿਆ ਦੇ ਨਾਲ-ਨਾਲ ਜਾਨਵਰਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਂਦੇ ਹੋਏ ਅਵਾਰਾ ਕੁੱਤਿਆਂ ਬਾਰੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੂੰ ਇੰਨ-ਬਿੰਨ ਲਾਗੂ ਕਰੇਗੀ। ਬੱਚਿਆਂ, ਬਜ਼ੁਰਗਾਂ ਅਤੇ ਪਰਿਵਾਰਾਂ ਨੂੰ ਜਨਤਕ ਥਾਵਾਂ 'ਤੇ ਬਿਨਾਂ ਕਿਸੇ ਡਰ ਤੋਂ ਘੁੰਮਣ-ਫਿਰਨ ਦੇ ਯੋਗ ਬਣਾਉਣ ਲਈ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਅਵਾਰਾ ਕੁੱਤਿਆਂ ਨੂੰ ਵੱਧ ਭੀੜ-ਭੜੱਕੇ ਵਾਲੀਆਂ ਥਾਵਾਂ ਤੋਂ ਤਬਦੀਲ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਸਹੀ ਦੇਖਭਾਲ ਲਈ ਲੋੜੀਂਦੇ ਆਸਰਾ ਘਰ ਬਣਾਏ ਅਤੇ ਚਲਾਏ ਜਾਣਗੇ। ਉਨ੍ਹਾਂ ਮਨੁੱਖੀ ਜਾਨਾਂ ਤੇ ਜਾਨਵਰਾਂ ਦੀ ਭਲਾਈ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ।ਸੁਪਰੀਮ ਕੋਰਟ ਵੱਲੋਂ 19 ਮਈ 2026 ਨੂੰ ਜਾਰੀ ਕੀਤੇ ਗਏ ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਪਹਿਲਾਂ ਹੀ ਲੋੜੀਂਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋੜੀਂਦੀ ਗਿਣਤੀ ਵਿੱਚ ਡੌਗ ਸ਼ੈਲਟਰ (ਆਸਰਾ ਘਰ) ਬਣਾਏਗੀ ਜਿੱਥੇ ਅਵਾਰਾ ਕੁੱਤਿਆਂ ਦੀ ਸਹੀ ਤਰੀਕੇ ਨਾਲ ਸੰਭਾਲ ਕੀਤੀ ਜਾ ਸਕੇਗੀ।ਮੁੱਖ ਮੰਤਰੀ ਨੇ ਕਿਹਾ, ਹਲਕਾਅ ਤੇ ਲਾਇਲਾਜ ਬਿਮਾਰੀ ਤੋਂ ਪੀੜਤ ਜਾਂ ਅਜਿਹੇ ਕੁੱਤੇ ਜੋ ਬਹੁਤ ਜ਼ਿਆਦਾ ਖ਼ਤਰਨਾਕ ਹਨ ਅਤੇ ਮਨੁੱਖੀ ਜਾਨ ਲਈ ਖ਼ਤਰਾ ਬਣੇ ਹੋਏ ਹਨ, ਦੇ ਮਾਮਲਿਆਂ ਵਿੱਚ ਕਾਨੂੰਨੀ ਤੌਰ 'ਤੇ ਮਨਜ਼ੂਰਸ਼ੁਦਾ ਕਦਮ, ਜਿਸ ਵਿੱਚ ਦਰਦ-ਰਹਿਤ ਮੌਤ ਵੀ ਸ਼ਾਮਲ ਹੈ, ਸਬੰਧੀ ਜਾਨਵਰਾਂ ਉੱਤੇ ਅੱਤਿਆਚਾਰ ਦੀ ਰੋਕਥਾਮ ਐਕਟ ਤੇ ਏ.ਬੀ.ਸੀ. ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਇਸ ਕਦਮ ਨਾਲ ਪੂਰੇ ਪੰਜਾਬ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਕਿਉਂਕਿ ਅਵਾਰਾ ਕੁੱਤਿਆਂ ਦੀ ਵਧਦੀ ਸਮੱਸਿਆ ਮਨੁੱਖੀ ਜਾਨਾਂ ਲਈ ਗੰਭੀਰ ਖ਼ਤਰਾ ਹੈ। ਅਵਾਰਾ ਕੁੱਤਿਆਂ ਦੇ ਹਮਲਿਆਂ ਦੀਆਂ ਘਟਨਾਵਾਂ ਨੇ ਨਾਗਰਿਕਾਂ ਵਿੱਚ ਵਿਆਪਕ ਚਿੰਤਾ ਪੈਦਾ ਕੀਤੀ ਹੈ, ਜਿਸ ਕਾਰਨ ਪੰਜਾਬ ਸਰਕਾਰ ਲਈ ਇਸ ਮੁੱਦੇ 'ਤੇ ਫੈਸਲਾਕੁੰਨ ਕਾਰਵਾਈ ਕਰਨਾ ਜ਼ਰੂਰੀ ਹੋ ਗਿਆ ਹੈ।



## ਕੇਂਦਰ ਆਰ ਬੀ ਆਈ ਦੇ ਅਸਧਾਰਨ ਲਾਭਅੰਸ਼ ਨੂੰ ਰਾਜਾਂ ਨਾਲ ਸਾਂਝਾ ਕਰੇ : ਚੀਮਾ

**ਚੰਡੀਗੜ੍ਹ, (ਗੁਰਜੀਤ ਬਿੱਲਾ, ਸੁਰਜੀਤ ਸੁਮਨ)**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤ ਸਰਕਾਰ ਵੱਲੋਂ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਤੋਂ ਲਗਭਗ 2.87 ਲੱਖ ਕਰੋੜ ਦਾ ਬੇਮਿਸਾਲ ਲਾਭਅੰਸ਼ (ਡਿਵੀਡੈਂਡ) ਲੈਣ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਆਰ ਬੀ ਆਈ ਦੇ ਰਾਖਵੇਂ ਫੰਡਾਂ ਨੂੰ ਬਹੁਤ ਜ਼ਿਆਦਾ ਕੱਢਣ ਨਾਲ ਦੇਸ਼ ਦੀ ਲੰਬੇ ਸਮੇਂ ਦੀ ਆਰਥਿਕ ਲਚਕਤਾ ਕਮਜ਼ੋਰ ਹੋ ਸਕਦੀ ਹੈ ਅਤੇ ਕੇਂਦਰੀ ਬੈਂਕ ਦੀ ਮਜ਼ਬੂਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ।ਇਨ੍ਹਾਂ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਕਿ ਆਰ ਬੀ ਆਈ ਨੇ ਕੇਂਦਰੀ ਬੈਂਕ ਦੀ ਲਗਭਗ 4 ਲੱਖ ਕਰੋੜ ਦੀ ਕੁੱਲ ਆਮਦਨ ਵਿੱਚੋਂ ਲਗਭਗ 2.87 ਲੱਖ ਕਰੋੜ ਕੇਂਦਰ ਸਰਕਾਰ ਨੂੰ ਤਬਦੀਲ ਕੀਤੇ ਹਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਆਰ ਬੀ ਆਈ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਕਿਸੇ ਵੀ ਸਰਕਾਰ ਨੂੰ ਕੀਤੇ ਗਏ ਸਭ ਤੋਂ ਵੱਧ ਲਾਭਅੰਸ਼ ਤਬਾਦਲਿਆਂ ਵਿੱਚੋਂ ਇੱਕ ਹੈ।ਵਿੱਤ ਮੰਤਰੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਆਮ ਨਾਗਰਿਕ ਪਹਿਲਾਂ ਹੀ ਤੇਲ ਦੀਆਂ ਉੱਚੀਆਂ ਕੀਮਤਾਂ, ਮਹਿੰਗਾਈ ਦੇ ਦਬਾਅ ਅਤੇ ਕਿਫਾਇਤੀ ਵਰਤਣ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਦੇ ਬੋਝ ਦਾ ਸਾਹਮਣਾ ਕਰ ਰਹੇ ਹਨ, ਇਹ ਅਸਧਾਰਨ ਤਬਾਦਲਾ ਤਿੰਨ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ।



ਕੇਂਦਰੀ ਬੈਂਕ ਦੀ ਵਿੱਤੀ ਮਜ਼ਬੂਤੀ 'ਤੇ ਪੈਣ ਵਾਲੇ ਪ੍ਰਭਾਵ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਿੱਥੇ ਵਿੱਤੀ ਘਾਟੇ ਨੂੰ ਘਟਾਉਣਾ ਮਹੱਤਵਪੂਰਨ ਹੈ, ਉੱਥੇ ਇਹ ਭਾਰਤੀ ਰਿਜ਼ਰਵ ਬੈਂਕ ਦੀ ਵਿੱਤੀ ਮਜ਼ਬੂਤੀ ਅਤੇ ਸੰਸਥਾਗਤ ਤਾਕਤ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ। ਆਰਬੀਆਈ ਸੰਕਟ ਦੇ ਸਮੇਂ ਦੇਸ਼ ਦੇ ਆਰਥਿਕ ਸਦਮਾ ਸੋਖਕ (ਸ਼ੌਕ ਐਬਜ਼ੋਰਬਰ) ਅਤੇ ਮੁਦਰਾ ਸਥਿਰਤਾ ਵਜੋਂ ਕੰਮ ਕਰਦਾ ਹੈ। ਰਾਖਵੇਂ ਫੰਡਾਂ ਨੂੰ ਬਹੁਤ ਜ਼ਿਆਦਾ ਕੱਢਣ ਨਾਲ ਦੇਸ਼ ਦੀ ਲੰਬੇ ਸਮੇਂ ਦੀ ਲਚਕਤਾ ਅਤੇ ਆਰਥਿਕ ਪ੍ਰਤੀਰੋਧਕ ਸਮਰੱਥਾ ਕਮਜ਼ੋਰ ਹੋ ਸਕਦੀ ਹੈ।ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ ਕਿ ਅਜਿਹੇ ਸਮੇਂ ਜਦੋਂ ਕਰੰਸੀ ਅਤੇ ਗਲੋਬਲ ਵਿੱਤੀ ਮਾਹੌਲ ਦਬਾਅ ਹੇਠ ਹਨ, ਆਰਬੀਆਈ ਨੂੰ ਆਦਰਸ਼ਕ ਤੌਰ 'ਤੇ ਆਪਣੇ ਕੋਲ ਇੱਕ ਮਜ਼ਬੂਤ ਵਿੱਤੀ ਬਫਰ ਰੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਵਿੱਤੀ ਸਥਿਰਤਾ ਦੀ ਰੱਖਿਆ ਲਈ ਕੇਂਦਰੀ ਬੈਂਕ ਨੂੰ ਲੋੜੀਂਦੇ ਰਾਖਵੇਂ ਫੰਡ ਅਤੇ ਨੀਤੀਗਤ ਲਚਕਤਾ ਬਣਾਈ ਰੱਖਣੀ ਚਾਹੀਦੀ ਹੈ।

# ਕਾਕਰੋਚ ਜਨਤਾ ਪਾਰਟੀ

ਸੁਪਰੀਮ ਕੋਰਟ ਦੇ ਚੀਫ ਜਸਟਿਸ ਜਸਟਿਸ ਸੂਰੀਆ ਕਾਂਤ ਵੱਲੋਂ ਬੇਰੁਜ਼ਗਾਰਾਂ ਬਾਰੇ ਕਾਕਰੋਚ ਅਤੇ ਪਰਜੀਵੀ ਸ਼ਬਦ ਵਰਤਣ ਨੇ ਇੱਕ ਵੱਡੀ ਸਮਾਜੀ ਅਤੇ ਸਿਆਸੀ ਬਹਿਸ ਛੇੜ ਦਿੱਤੀ ਹੈ। ਇਸ ਬਹਿਸ ਵਿੱਚੋਂ ਡੂੰਘੀ ਬੇਚੈਨੀ ਝਲਕ ਰਹੀ ਹੈ, ਜਿਹੜੀ ਭਾਰਤ ਦੇ ਨੌਜਵਾਨਾਂ, ਖਾਸਕਰ ਡਿਜੀਟਲ ਪੀੜ੍ਹੀ ਯਾਨੀ ਜੈਨ-ਜ਼ੈੱਡ ਅੰਦਰ ਜਮ੍ਹਾਂ ਹੋ ਰਹੀ ਹੈ। ਬੇਰੁਜ਼ਗਾਰੀ, ਆਰਥਿਕ ਅਸੁਰੱਖਿਆ, ਵਧਦੀ ਮਹਿੰਗਾਈ, ਮੌਕਿਆਂ ਦੀ ਘਾਟ ਤੇ ਸਿਆਸੀ ਧਰੁਵੀਕਰਨ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਤੇ ਅਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਹੈ। ਅਜਿਹੇ ਸਮੇਂ ਵਿੱਚ ਜਦ ਸੱਤਾ ਦੇ ਅਦਾਰਿਆਂ ਨਾਲ ਜੁੜੇ ਲੋਕ ਨੌਜਵਾਨਾਂ ਦੇ ਸੰਘਰਸ਼ ਨੂੰ ਹਲਕੇ ਜਾਂ ਅਪਮਾਨਜਨਕ ਤਰੀਕੇ ਨਾਲ ਦੇਖਦੇ ਪ੍ਰਤੀਤ ਹੁੰਦੇ ਹਨ, ਤਦ ਪ੍ਰਤੀਕ੍ਰਿਆ ਤਿੱਖੀ ਹੋਣੀ ਸੁਭਾਵਕ ਹੈ। ਇਸ ਦੇ ਬਾਅਦ 'ਕਾਕਰੋਚ ਜਨਤਾ ਪਾਰਟੀ' ਨਾਂਅ ਨਾਲ ਵੈੱਬਸਾਈਟ ਤੇ ਸੋਸ਼ਲ ਮੀਡੀਆ ਅਕਾਊਂਟ ਦੀ ਸਿਰਜਣਾ ਪ੍ਰਤੀਕਆਤਮਕ ਵਿਰੋਧ ਦੀ ਇੱਕ ਮਿਸਾਲ ਹੈ। ਇਹ ਨਾਂਅ ਸਪੱਸ਼ਟ ਤੌਰ 'ਤੇ ਭਾਰਤੀ ਜਨਤਾ ਪਾਰਟੀ 'ਤੇ ਵਿਅੰਗ ਕਰਦਾ ਹੈ। ਇੱਥੇ, ਹਾਸਰਸ ਸਿਰਫ ਮਨੋਰੰਜਨ ਨਹੀਂ, ਸਗੋਂ ਇੱਕ ਸਿਆਸੀ ਭਾਸ਼ਾ ਬਣ ਜਾਂਦਾ ਹੈ। ਇੰਟਰਨੈੱਟ ਉਪਭੋਗਤਾਵਾਂ ਦੀ ਨਵੀਂ ਪੀੜ੍ਹੀ ਰਵਾਇਤੀ ਵਿਰੋਧ ਪ੍ਰਦਰਸ਼ਨਾਂ ਤੋਂ ਪਰ੍ਹੇ ਜਾਂਦੀ ਹੈ ਅਤੇ ਮੀਮਜ਼, ਪੈਰੋਡੀਜ਼ ਤੇ ਵਾਇਰਲ ਪ੍ਰਤੀਕਾਂ ਰਾਹੀਂ ਸੱਤਾ ਨਾਲ ਸੰਵਾਦ ਜਾਂ ਟਕਰਾਅ ਵਿੱਚ ਸ਼ਾਮਲ ਹੁੰਦੀ ਹੈ। ਇਹ ਰੁਝਾਨ ਵਿਸ਼ਵਵਿਆਪੀ ਹੈ। ਦੁਨੀਆ ਭਰ ਦੇ ਨੌਜਵਾਨ ਡਿਜੀਟਲ ਵਿਅੰਗ ਨੂੰ ਵਿਰੋਧ ਦੇ ਸਾਧਨ ਵਜੋਂ ਵਰਤ ਰਹੇ ਹਨ, ਪਰ ਭਾਰਤ ਵਿੱਚ ਇਹ ਹੋਰ ਵੀ ਮਹੱਤਵਪੂਰਨ ਹੈ, ਕਿਉਂਕਿ ਮੁੱਖ ਧਾਰਾ ਮੀਡੀਆ ਦਾ ਜ਼ਿਆਦਾਤਰ ਹਿੱਸਾ ਅਕਸਰ ਸਥਾਪਤੀ ਪੱਖੀ ਮੰਨਿਆ ਜਾਂਦਾ ਹੈ। ਸੋਸ਼ਲ ਮੀਡੀਆ ਨੌਜਵਾਨਾਂ ਦੀ ਅਸਹਿਮਤੀ ਲਈ ਇੱਕ ਬਦਲਵਾਂ ਜਨਤਕ ਪਲੇਟਫਾਰਮ ਬਣ ਗਿਆ ਹੈ।

ਇਸ ਪੂਰੀ ਬਹਿਸ ਦੇ ਕੇਂਦਰ ਵਿੱਚ ਬੇਰੁਜ਼ਗਾਰੀ ਦਾ ਮੁੱਦਾ ਹੈ। ਭਾਰਤ ਦੁਨੀਆ ਦੀ ਸਭ ਤੋਂ ਘੱਟ ਉਮਰ ਦੀ ਆਬਾਦੀ ਵਿੱਚੋਂ ਇੱਕ ਹੈ, ਫਿਰ ਵੀ ਨੌਕਰੀਆਂ ਦੀ ਸਿਰਜਣਾ ਰਫਤਾਰ ਨਹੀਂ ਫੜ ਸਕੀ। ਇੰਜੀਨੀਅਰਿੰਗ, ਮੈਨੇਜਮੈਂਟ ਅਤੇ ਹੋਰ ਪੇਸ਼ੇਵਰ ਡਿਗਰੀਆਂ ਦੇ ਬਾਵਜੂਦ ਪੱਕਾ ਰੁਜ਼ਗਾਰ ਲੱਭਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ।

ਨੌਜਵਾਨ ਪੀੜ੍ਹੀ ਬਚਪਨ ਤੋਂ ਹੀ ਇਹ ਵਾਅਦਾ ਸੁਣਦੀ ਆਈ ਹੈ ਕਿ ਸਿੱਖਿਆ ਅਤੇ ਸਖਤ ਮਿਹਨਤ ਇੱਕ ਬਿਹਤਰ ਜੀਵਨ ਵੱਲ ਲੈ ਜਾਣਗੇ, ਪਰ ਅਸਲੀਅਤ ਵਿੱਚ ਨੌਜਵਾਨ ਅਸਥਾਈ ਨੌਕਰੀਆਂ, ਘੱਟ ਤਨਖਾਹਾਂ, ਵਧਦੇ ਖਰਚਿਆਂ ਅਤੇ ਸਮਾਜੀ ਤਣਾਅ ਨਾਲ ਘਿਰੇ ਹੋਏ ਹਨ। ਇਹ ਟੁੱਟਿਆ ਹੋਇਆ 'ਸਮਾਜੀ ਇਕਰਾਰਨਾਮਾ' ਗੁੱਸੇ ਨੂੰ ਜਨਮ ਦਿੰਦਾ ਹੈ। ਜਦੋਂ ਸੰਸਥਾਵਾਂ ਇਸ ਗੁੱਸੇ ਨੂੰ ਸਮਝਣ ਦੀ ਬਜਾਏ ਇਸ ਨੂੰ 'ਪਰਜੀਵੀਆਂ' ਜਾਂ 'ਕਾਕਰੋਚਾਂ' ਵਰਗੇ ਸ਼ਬਦਾਂ ਵਿੱਚ ਵੇਖਣ ਲਗਦੀਆਂ ਹਨ ਤਾਂ ਦੂਰੀ ਵਧ ਜਾਂਦੀ ਹੈ। ਇਸ ਲਈ ਇਹ ਪ੍ਰਤੀਕਿਰਿਆ ਕਿਸੇ ਇੱਕ ਬਿਆਨ ਦੇ ਖਿਲਾਫ ਨਹੀਂ, ਸਗੋਂ ਉਸ ਵਿਆਪਕ ਅਨੁਭਵ ਦੇ ਖਿਲਾਫ ਹੈ, ਜਿਸ ਵਿੱਚ ਨੌਜਵਾਨ ਖੁਦ ਹਾਸ਼ੀਏ 'ਤੇ ਧੱਕੇ ਹੋਏ ਮਹਿਸੂਸ ਕਰਦੇ ਹਨ।

ਪਿਛਲੇ ਬਾਰਾਂ ਸਾਲਾਂ ਵਿੱਚ ਨਰਿੰਦਰ ਮੋਦੀ ਦੀ ਸਿਆਸੀ ਲੀਡਰਸ਼ਿਪ ਨੇ ਭਾਰਤੀ ਸਮਾਜ ਨੂੰ ਬਹੁਤ ਬਦਲ ਦਿੱਤਾ ਹੈ। ਰਾਸ਼ਟਰਵਾਦ, ਧਾਰਮਿਕ ਪਛਾਣ ਅਤੇ ਹਮਲਾਵਰ ਸਿਆਸੀ ਸੰਚਾਰ ਨੇ ਜਨਤਕ ਚਰਚਾ ਨੂੰ ਹੋਰ ਵੀ ਧਰੁਵੀਕ੍ਰਿਤ ਬਣਾਇਆ ਹੈ। ਸਮਰਥਕਾਂ ਲਈ ਇਹ ਮਜ਼ਬੂਤ ਲੀਡਰਸ਼ਿਪ ਤੇ ਰਾਸ਼ਟਰੀ ਮਾਣ ਦਾ ਦੌਰ ਹੈ, ਜਦੋਂ ਕਿ ਆਲੋਚਕਾਂ ਲਈ ਇਹ ਲੋਕਤੰਤਰੀ ਸੰਸਥਾਵਾਂ ਦੇ ਕਮਜ਼ੋਰ ਹੋਣ ਅਤੇ ਅਸਹਿਮਤੀ ਪ੍ਰਤੀ ਅਸਹਿਣਸ਼ੀਲਤਾ ਦਾ ਸਮਾਂ ਹੈ। ਇਸ ਦ੍ਰਿਸ਼ਟੀਕੋਣ ਵਿੱਚ ਨੌਜਵਾਨ ਪੀੜ੍ਹੀ ਦੋਹਰੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ- ਇੱਕ ਪਾਸੇ ਆਰਥਿਕ ਸੰਕਟ ਅਤੇ ਦੂਜੇ ਪਾਸੇ ਸਮਾਜੀ। ਇੰਟਰਨੈੱਟ 'ਤੇ ਦਿਖਾਈ ਦੇਣ ਵਾਲਾ ਗੁੱਸਾ ਇਸ ਮਿਸ਼ਰਤ ਅਸੰਤੁਸ਼ਟੀ ਦਾ ਪ੍ਰਗਟਾਵਾ ਹੈ।

ਭਾਰਤੀ ਨਿਆਂਪਾਲਿਕਾ ਨੂੰ ਲੰਬੇ ਸਮੇਂ ਤੋਂ ਲੋਕਤੰਤਰ ਦੀ ਆਖਰੀ ਉਮੀਦ ਮੰਨਿਆ ਜਾਂਦਾ ਰਿਹਾ ਹੈ। ਹਾਲਾਂਕਿ ਹਾਲ ਹੀ ਦੇ ਸਾਲਾਂ ਵਿੱਚ ਨਿਆਂਪਾਲਿਕਾ ਦੀ ਨਿਰਪੱਖਤਾ ਅਤੇ ਆਜ਼ਾਦੀ ਬਾਰੇ ਬਹਿਸਾਂ ਤੇਜ਼ ਹੋ ਗਈਆਂ ਹਨ। ਅਜਿਹੇ ਸਮੇਂ ਜੱਜਾਂ ਵੱਲੋਂ ਜਨਤਕ ਟਿੱਪਣੀਆਂ ਵਧੇਰੇ ਸੰਵੇਦਨਸ਼ੀਲ ਹੋ ਜਾਂਦੀਆਂ ਹਨ। ਜਨਤਕ ਵਿਸ਼ਵਾਸ ਸਿਰਫ ਫੈਸਲਿਆਂ ਨਾਲ ਹੀ ਨਹੀਂ, ਸਗੋਂ ਵਿਹਾਰ ਅਤੇ ਭਾਸ਼ਾ ਨਾਲ ਵੀ ਬਣਦਾ ਹੈ। ਜੇ ਨਿਆਂਪਾਲਿਕਾ ਸਮਾਜ ਦੇ ਸੰਘਰਸ਼ਾਂ ਪ੍ਰਤੀ ਹਮਦਰਦ ਦਿਖਾਈ ਦਿੰਦੀ ਹੈ, ਤਾਂ ਇਸ ਦਾ ਨੈਤਿਕ ਅਧਿਕਾਰ ਮਜ਼ਬੂਤ ਹੁੰਦਾ ਹੈ। ਹਾਲਾਂਕਿ, ਜੇ ਭਾਸ਼ਾ ਉੱਚ-ਵਰਗੀ ਜਾਂ ਅਪਮਾਨਜਨਕ ਦਿਖਾਈ ਦਿੰਦੀ ਹੈ ਤਾਂ ਇਹ ਦੂਰੀ ਵਧਾਉਂਦੀ ਹੈ।

ਸੋਸ਼ਲ ਮੀਡੀਆ 'ਤੇ ਉੱਭਰੀ 'ਕਾਕਰੋਚ ਜਨਤਾ ਪਾਰਟੀ' ਵਿਅੰਗ ਹੋ ਸਕਦੀ ਹੈ, ਪਰ ਇਸ ਦੇ ਅੰਦਰ ਲੁਕੀ ਬੇਚੈਨੀ ਅਸਲੀ ਹੈ। ਜਦੋਂ ਵੱਡੀ ਗਿਣਤੀ ਵਿੱਚ ਨੌਜਵਾਨ ਸਿਸਟਮ ਤੋਂ ਬਾਹਰ ਮਹਿਸੂਸ ਕਰਨ ਲੱਗ ਪੈਂਦੇ ਹਨ ਤਾਂ ਹਾਸਾ ਵੀ ਸਿਆਸੀ ਹੋ ਜਾਂਦਾ ਹੈ ਅਤੇ ਮੀਮ ਵੀ ਪ੍ਰੋਟੈੱਸਟ ਦਾ ਮੈਨੀਫੈਸਟੋ ਬਣ ਜਾਂਦਾ ਹੈ।

# ਰੁੱਤ ਗੱਠਬੰਧਨਾਂ ਦੀ ਆਈ



ਸੁੱਚਾ ਸਿੰਘ ਖੱਟੜਾ

ਪੰਜਾਬ ਦਾ ਚੋਣ ਦ੍ਰਿਸ਼ ਇੱਕ ਉਲਝੀ ਤਾਣੀ ਹੈ, ਜਿਸ ਨੂੰ ਸੁਲਝਾਉਣ ਲਈ ਕੋਈ ਵੀ ਤੰਦ ਲੱਭਦੀ ਨਹੀਂ, ਜਿਸ ਨੂੰ ਫੜ ਕੇ ਤਾਣੀ ਦੀ ਸਪੱਸ਼ਟਤਾ ਦਾ ਥਹੁ ਪਾ ਲਈਏ। ਅਕਾਲੀ 'ਅੱਠ ਪੂਰਬੀਏ ਨੌਂ ਚੁਲ੍ਹੇ' ਬਣਾਈ ਬੈਠੇ ਹਨ। ਆਮ ਆਦਮੀ ਪਾਰਟੀ ਆਪਣੇ ਵਿਚਲੇ ਖਾਸ ਬੰਦਿਆਂ ਤੋਂ ਪ੍ਰੇਸ਼ਾਨ ਹੈ। ਇਹਨਾਂ ਵਿੱਚੋਂ ਕੋਈ ਸਰਕਾਰੀ ਗਵਾਹ ਦਾ ਕੰਮ ਕਰਨ ਲੱਗ ਪਿਆ ਹੈ। ਕਿਸੇ ਦੇ ਪਾਪ ਕੰਬਣ ਲੱਗ ਪਏ ਹਨ। ਭਾਜਪਾ ਕਾਰਗੁਜ਼ਾਰੀ ਦੀ ਥਾਂ ਇੱਕ ਪਾਸੇ ਚੋਣਾਵੀਂ ਬੌਂਡ ਦੇ ਬਦਲ ਲੱਭ ਕੇ ਚੋਣ ਜਿੱਤਣ ਲਈ ਮਾਇਆ ਦੀ ਖੇਡ ਖੇਡਣ ਲੱਗੀ ਫੜੀ ਗਈ । ਫਿਰ ਪੋਲਿੰਗ ਉਪ੍ਰੰਤ ਪੋਲ ਹੋਈਆਂ ਵੋਟਾਂ ਵਿੱਚ ਲੋੜ ਅਨੁਸਾਰ ਵਾਧਾ, ਹੁਣ ਵਿਸ਼ੇਸ਼ ਗਹਿਣ ਵੋਟ ਸੁਧਾਈ (ਐੱਸ ਆਈ ਆਰ) ਰਹੀਂ ਵੋਟਾਂ ਵਿੱਚ ਲੋੜ ਅਨੁਸਾਰ ਕਟਾਈ, ਫਿਰ ਵੀ ਨਾ ਸਰੇ ਤਾਂ ਸਹੀ ਵੋਟਰਾਂ ਨੂੰ ਵੋਟ ਪਾਉਣ ਤੋਂ ਵਾਂਝੇ ਕਰ ਦੇਣ ਜਿਹੇ ਹਥਿਆਰ ਵਰਤ ਰਹੀ ਹੈ। ਹਿੰਦੂ-ਮੁਸਲਮਾਨ ਦੀ ਮੁਹਾਰਨੀ ਦੀ ਬੇਰੋਕ ਵਰਤੋਂ ਤਾਂ ਕਰ ਹੀ ਰਹੀ ਹੈ। ਇਹ ਸਭ ਕੁਝ ਭਾਜਪਾ ਦੀ ਚਮਕ-ਦਮਕ ਦੇ ਘਟਣ ਤੋਂ ਉਪਜੇ ਹੱਥਕੰਡੇ ਹਨ। ਇਹ ਇਸ ਦੀ ਕਮਜ਼ੋਰੀ ਦੇ ਲੱਛਣ ਹਨ। ਪੰਜਾਬ ਅੰਦਰ ਵਿਰੋਧੀ ਪਾਰਟੀਆਂ ਵਿੱਚੋਂ ਵਿਕਾਊ ਲੱਭਣ ਦੀ ਮੁਹਿੰਮ ਇਸ ਕਮਜ਼ੋਰੀ ਦੀ ਭਰਪਾਈ ਦਾ ਯਤਨ ਹੈ। ਇਹ ਗੱਲ ਸਪੱਸ਼ਟ ਹੈ ਕਿ ਭਾਜਪਾ ਦੀ ਹਰ ਮੋਰਚੇ ਉੱਤੇ ਦੇਸ਼ ਪੱਧਰ ਅਤੇ ਵਿਦੇਸ਼ ਨੀਤੀ ਰਾਹੀਂ ਆਲਮੀ ਪੱਧਰ ਉੱਤੇ ਅਸਫਲਤਾ ਕਾਰਨ ਭਾਜਪਾ ਦੇ ਘਟਦੇ ਵਿਕਾਰ ਦੀ ਭਰਪਾਈ ਪੰਜਾਬ ਵਿੱਚ ਭਾਜਪਾ ਵੱਲ ਜਾਣ ਵਾਲਾ ਵਿਕਾਊ ਮਾਲ ਨਹੀਂ ਕਰੇਗਾ। ਪੰਜਾਬ ਦੇ ਮੁੱਦਿਆਂ, ਡੈਮ, ਪਾਣੀ, ਰਾਜਧਾਨੀ, ਇਲਾਕੇ ਆਦਿ ਉੱਤੇ ਭਾਜਪਾ ਦੀ ਕਿਹੜੀ ਕਾਰਗੁਜ਼ਾਰੀ ਦਿਖਾਉਣ ਯੋਗ ਹੈ। ਪੁਰਾਣੀ ਪੈਨਸ਼ਨ ਬੰਦ ਅਟਲ ਬਿਹਾਰੀ ਬਾਜਪਾਈ ਨੇ ਕੀਤੀ ਸੀ। ਡਬਲ ਇੰਜਣ ਵਾਲਾ ਕੋਈ ਸੂਬਾ ਵਿਕਾਸ ਵਿੱਚ ਨਮੂਨੇ ਦਾ ਨਹੀਂ।

ਪੰਜਾਬ ਵਿੱਚ ਤੀਜੀ ਧਿਰ ਅਕਾਲੀ ਹਨ। ਬਾਦਲ ਅਕਾਲੀ ਦਲ ਦੀ ਜਦੋਂ ਤੱਕ ਸੁਖਬੀਰ ਸਿੰਘ ਅਗਵਾਈ ਕਰੇਗਾ, ਦੂਜੇ ਧੜੇ ਇਸ ਤੋਂ ਦੂਰ ਹੀ ਰਹਿਣਗੇ। ਪੁਨਰ ਸੁਰਜੀਤ ਗਰੁੱਪ ਦੀ ਪੁਨਰ-ਸੁਰਜੀਤੀ ਨਾ ਇਸ ਦੇ ਪੰਜਾਬ ਵਿਜ਼ਨ ਵਿੱਚ ਹੈ, ਨਾ ਹੀ ਇਸ ਦੇ ਜਥੇਬੰਦਕ ਅਨੁਸ਼ਾਸਨ ਵਿੱਚ ਹੈ। ਵਾਰਸ ਪੰਜਾਬ ਨਾਲੋਂ ਤੋੜ ਵਿਛੋੜੇ ਨੇ ਹੀ ਇਸ ਦੇ ਵਕਾਰ ਵਿੱਚ ਵਾਧਾ ਨਹੀਂ ਕੀਤਾ। ਵਾਰਸ ਪੰਜਾਬ ਨੇ ਖਾਲਿਸਤਾਨ ਦਾ ਰਾਜ ਅਲਾਪਣਾ ਭਾਵੇਂ ਛੱਡ ਦਿੱਤਾ ਹੈ, ਪਰ ਇਸ ਦੀ ਖਾਲਿਸਤਾਨ ਦੀ ਮ੍ਰਿਗ ਤ੍ਰਿਸ਼ਨਾ ਇਸ ਦੇ ਮੋਢੇ ਉੱਤੇ ਉੱਲਰੀ ਹੋਈ ਉਹ ਡਾਂਗ ਹੈ। ਜੋ ਪੰਜਾਬੀ ਸਮਾਜ ਵਿੱਚ ਵੰਡੀਆਂ ਹੀ ਨਹੀਂ ਪਾਉਂਦੀ, ਸਗੋਂ ਇੱਕ ਤਬਕੇ ਨੂੰ ਘੇਰ ਕੇ ਭਾਜਪਾ ਦੀ ਝੋਲ਼ੀ ਵਿੱਚ ਪਾਉਣ ਦਾ ਕੰਮ ਵੀ ਕਰੇਗੀ। ਇਹ ਅਣਚਾਹੇ ਹੀ ਭਾਜਪਾ ਦੇ ਸਹਿਯੋਗੀ ਸਾਬਤ ਹੋ ਜਾਣਗੇ। ਅਕਾਲੀਆਂ ਦਾ ਪੰਜਾਬ ਦੀ ਰਾਜਨੀਤੀ ਵਿੱਚ ਪ੍ਰਲੋਕ ਹੁੰਦੇ ਜਾਣਾ ਦੇਸ਼-ਵਿਦੇਸ਼ ਵਿੱਚ ਪੰਜਾਬ ਦੀ ਨਿਵੇਕਲੀ ਰਾਜਨੀਤਕ ਪਹਿਚਾਣ ਲਈ ਘਾਟਾ ਹੈ।

ਹੁਣ ਕਾਂਗਰਸ ਦੇ ਵਿਹੜੇ ਵੜਦੇ ਹਾਂ। ਆਰ ਐੱਸ ਐੱਸ ਦਾ ਹਿੰਦੂਤਵੀ ਰਾਸ਼ਟਰਵਾਦ ਅਤੇ ਪੰਜਾਬ ਅਤੇ ਪੰਜਾਬੋਂ ਬਾਹਰ ਖਾਲਿਸਤਾਨ ਦਾ ਮੁੱਦਾ ਪੰਜਾਬ ਤੇ ਕਾਂਗਰਸੀਆਂ ਲਈ ਮੁੱਦਾ ਹੀ ਨਹੀਂ ਹੈ। ਇਸ ਪਾਰਟੀ ਦਾ ਹਰ ਆਗੂ ਮੁੱਖ ਮੰਤਰੀ ਦਾ ਉਮੀਦਵਾਰ ਹੈ। ਦੇਸ਼ ਲਈ ਬਿਪਤਾ ਬਣੇ ਮੋਦੀ ਰਾਜ ਦਾ ਬਦਲ ਇਸੇ ਪਾਰਟੀ ਨੇ ਬਣਨਾ ਹੈ, ਪਰ ਪੰਜਾਬ ਦੇ ਕਾਂਗਰਸੀਆਂ ਨੂੰ ਨਾ ਦੇਸ਼, ਨਾ ਦੇਸ਼ ਲਈ ਬਿਪਤਾ, ਨਾ ਹੀ ਇਸ ਬਿਪਤਾ ਦੇ ਬਦਲ ਵਜੋਂ ਕਾਂਗਰਸ ਦੀਆਂ ਸੰਭਾਵਨਾਵਾਂ ਦਿੱਸਦੀਆਂ ਹਨ। ਇਹ ਲੋਕ ਪੰਜਾਬ ਦੀ 2027 ਦੀ ਅਸੰਬਲੀ ਚੋਣ ਵਿੱਚ ਕਾਂਗਰਸ ਦੀ ਸਫਲਤਾ ਨਾਲ ਕੌਮੀ ਪੱਧਰ ਉੱਤੇ ਇਸ ਪਾਰਟੀ ਨੂੰ ਹਾਸਲ ਹੋਣ ਵਾਲੇ ਹੌਸਲੇ ਵਿੱਚ ਵਾਧੇ ਤੋਂ ਕੋਰੇ ਬੇਖਬਰ ਹਨ। ਕੌਮੀ ਪੱਧਰ ਉੱਤੇ ਇਸ ਪਾਰਟੀ ਦੀ ਜ਼ੁੰਮੇਵਾਰੀ ਅਤੇ ਜ਼ੁੰਮੇਵਾਰੀ ਮਿਲਣ ਦੀਆਂ ਸੰਭਾਵਨਾਵਾਂ ਨੂੰ ਵੇਖਦਿਆਂ ਇਸ ਪਾਰਟੀ ਦੇ ਆਗੂਆਂ ਦੇ ਦਿਲਾਂ ਅੰਦਰ ਤਿਆਗ ਅਤੇ ਸੇਵਾ ਭਾਵਨਾ ਪੈਦਾ ਹੋਣੀ ਚਾਹੀਦੀ ਹੈ। ਉਲਟਾ ਇਹਨਾਂ ਦੇ ਮੂੰਹ ਸੱਤਾ ਲਈ ਪਾਣੀ ਨਾਲ ਭਰੇ ਪਏ ਹਨ। ਉਮੀਦ ਕਰੀਏ ਇਹ ਲਾਰਾਂ ਸੰਭਾਲ ਲੈਣਗੇ। ਲੋਕ ਲਾਰਾਂ ਨਾਲ ਲਿਬੜੇ ਮੂੰਹ ਪਸੰਦ ਨਹੀਂ ਕਰਦੇ। 2022 ਵਿੱਚ ਮਿਲਿਆ ਤਲਖ ਤਜਰਬਾ ਕੰਮ ਆਉਣਾ ਚਾਹੀਦਾ ਹੈ।

2027 ਲਈ ਅਕਾਲੀਆਂ ਦੇ ਕਿਸੇ ਧੜੇ ਦਾ ਭਾਜਪਾ ਨਾਲ ਗੱਠਜੋੜ ਹੋ ਸਕਦਾ। ਅਕਾਲੀਆਂ ਦੇ ਬਾਕੀ ਬਚੇ ਧੜਿਆਂ ਦਾ ਇੱਕ ਵੱਖਰਾ ਗੱਠਜੋੜ ਹੋ ਸਕਦਾ ਹੈ। ਆਮ ਆਦਮੀ ਪਾਰਟੀ ਇਕੱਲੀ ਬਿਨਾਂ ਕਿਸੇ ਗੱਠਜੋੜ ਵਾਲੀ ਤੀਜੀ ਧਿਰ ਹੋਵੇਗੀ। ਚੌਥੀ ਧਿਰ ਕਾਂਗਰਸ ਹੋਵੇਗੀ ਅਤੇ ਪੰਜਵੀਂ ਧਿਰ ਕਮਿਊਨਿਸਟਾਂ ਦੀ ਹੋਵੇਗੀ। ਅੱਜ ਲੋਕਤੰਤਰ ਬਚਾਉਣ ਦਾ ਅਜੰਡਾ ਭਾਜਪਾ ਹਰਾਉਣ ਤੋਂ ਸ਼ੁਰੂ ਹੁੰਦਾ ਹੈ। ਅਕਾਲੀਆਂ ਦੀ ਕਿਸੇ ਧਿਰ ਦਾ ਇਹ ਅਜੰਡਾ ਨਹੀਂ ਹੋ ਸਕਦਾ । ਦੇਸ਼ ਲਈ ਅਹਿਮ ਅਜੰਡੇ ਭਾਜਪਾ ਹਰਾਉਣਾ ਹੈ। ਕਾਂਗਰਸ ਅਤੇ ਕਮਿਊਨਿਸਟਾਂ ਦਾ ਮੁੱਦਾ ਹੈ। ਜੇਕਰ ਮੁੱਦਾ ਸਾਂਝਾ ਹੈ ਤਾਂ ਇਸ ਮੁੱਦੇ ਦੀ ਪੂਰਤੀ ਲਈ ਯਤਨ ਵੀ ਸਾਂਝਾ ਹੋਣਾ ਬਣਦਾ ਹੈ। ਸਾਂਝੇ ਯਤਨ ਦਾ ਨਾਂਅ ਗਠਬੰਧਨ ਹੈ, ਜਿਸ ਦਾ ਨਾਂਅ ਧਰਮ ਨਿਰਪੱਖ ਜਮਹੂਰੀ ਗਠਬੰਧਨ ਪੰਜਾਬ ਹੋ ਸਕਦਾ ਹੈ।

ਕਮਿਊਨਿਸਟਾਂ ਦੀ ਪੰਜਾਬ ਵਿੱਚ ਹੋਂਦ ਇਨ੍ਹਾਂ ਨੂੰ ਮਿਲਦੀਆਂ ਵੋਟਾਂ ਤੋਂ ਨਹੀਂ ਕੀਤੀ ਜਾਣੀ ਚਾਹੀਦੀ। ਪੋਲਿੰਗ ਸਮੇਂ ਇਨ੍ਹਾਂ ਦੇ ਸਮਰਥਕਾਂ ਦੀ ਵੱਡੀ ਗਿਣਤੀ, 'ਇਨ੍ਹਾਂ ਨੇ ਭਾਵ ਕਮਿਊਨਿਸਟਾਂ ਨੇ ਕਿਹੜਾ ਜਿੱਤਣਾਂ ਹੈ' ਦੇ ਵਿਚਾਰ ਅਧੀਨ ਆਪਣੀਆਂ ਵੋਟਾਂ ਇੱਧਰ-ਉੱਧਰ ਪਾ ਜਾਂਦੇ ਹਨ। ਉਂਝ ਇਨ੍ਹਾਂ ਦੀ ਕਿਸਾਨਾਂ, ਮਜ਼ਦੂਰਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਹੋਂਦ ਸਪੱਸ਼ਟ ਦਿਖਦੀ ਹੈ। ਜੇਕਰ ਗਠਬੰਧਨ ਹੁੰਦਾ ਹੈ ਤਾਂ ਕਮਿਊਨਿਸਟਾਂ ਦਾ ਤਾਂ ਮੁੱਖ ਤੌਰ 'ਤੇ ਇਕ ਹੀ ਅਜੰਡਾ ਭਾਜਪਾ ਨੂੰ ਹਰਾਉਣ ਦਾ ਹੱਲ ਹੁੰਦਾ ਹੈ। ਗਠਬੰਧਨ ਦੀ ਜਿੱਤ ਕਾਂਗਰਸ ਲਈ ਕਈ ਅਜੰਡੇ ਹੱਲ ਕਰੇਗੀ। ਪੰਜਾਬ ਵਿੱਚ ਕਾਂਗਰਸ ਸਰਕਾਰ ਬਣੇਗੀ। ਕੌਮੀ ਪੱਧਰ ਉੱਤੇ ਸਾਖ ਵਧੇਗੀ, ਕੌਮੀ ਪੱਧਰ ਉੱਤੇ ਪਾਰਟੀ ਵਰਕਰਾਂ ਅੰਦਰ ਜੋਸ਼ ਵਧੇਗਾ। 2029 ਦੀ ਲੋਕ ਸਭਾ ਚੋਣ ਵਿੱਚ ਉਤਰਨ ਲਈ ਮਜ਼ਬੂਤ ਅਧਾਰ ਮਿਲੇਗਾ। ਭਾਜਪਾ ਦੀ ਧਾਰ ਖੁੰਢੀ ਹੋਵੇਗੀ।

ਕਾਂਗਰਸ਼ ਪਾਰਟੀ ਨੂੰ ਪਤਾ ਹੀ ਹੈ ਕਿ ਜੇਕਰ ਉਹਨੇ 117 ਸੀਟਾਂ ਉੱਤੇ ਆਪਣੇ ਉਮੀਦਵਾਰ ਉਤਾਰਨੇ ਹਨ ਤਾਂ ਕਿੰਨੇ ਕੁ ਜਿੱਤਣਗੇ। ਗਠਬੰਧਨ ਤੋਂ ਬਿਨਾਂ ਕਾਂਗਰਸ ਦੇ ਜਿੱਤਣ ਵਾਲੇ ਉਮੀਦਵਾਰਾਂ ਦੀ ਗਿਣਤੀ ਤੋਂ ਵੱਧ ਉਮੀਦਵਾਰ ਜਿੱਤਣ ਦੇ ਹਾਲਾਤ ਬਣਨਗੇ। ਭਾਜਪਾ ਵਿਰੁੱਧ ਪ੍ਰਚਾਰ ਦੀ ਧਾਰ ਤੇਜ਼ ਹੋਵੇਗੀ। ਡਾਵਾਂਡੋਲ ਵੋਟਰਾਂ ਦਾ ਬਿਖਰਾ ਰੁਕ ਕੇ ਗਠਬੰਧਨ ਨੂੰ ਆਪਣੀ ਪਸੰਦ ਬਣਾਏਗਾ। ਕਮਿਊਨਿਸਟਾਂ ਦੇ ਕਾਂਗਰਸ ਵਿਰੋਧੀ ਪ੍ਰਚਾਰ ਤੋਂ ਕਾਂਗਰਸ ਬਚ ਜਾਵੇਗੀ, ਨਹੀਂ ਤਾਂ ਕਮਿਊਨਿਸਟਾਂ ਦੇ ਕਾਂਗਰਸ ਵਿਰੋਧੀ ਪ੍ਰਚਾਰ ਨਾਲ ਡਾਵਾਂਡੋਲ ਵੋਟਰਾਂ ਦੀ ਗਿਣਤੀ ਵੀ ਵਧੇਗੀ। ਉਹਨਾਂ ਅੰਦਰ ਡਾਵਾਂਡੋਲਤਾ ਵੀ ਵਧੇਗੀ ਅਤੇ ਕਾਂਗਰਸ ਵੱਲ ਆਉਣ ਦੀ ਸੰਭਾਵਨਾ ਬਿਲਕੁਲ ਵੀ ਨਹੀਂ ਰਹੇਗੀ। ਪੰਜਾਬ ਦੇ ਭਵਿੱਖੀ ਖਾਕੇ, ਵਾਅਦਿਆਂ, ਗਰੰਟੀਆਂ ਉੱਤੇ ਪੰਜਾਬ ਦੇ ਲੋਕਾਂ ਦਾ ਭਰੋਸਾ ਗਠਬੰਧਨ ਹੀ ਵਧਾਵੇਗਾ।

ਕੋਈ ਕਹਿ ਸਕਦਾ ਹੈ ਕਿ ਉਪਰੋਕਤ ਬ੍ਰਿਤਾਂਤ ਤਾਂ ਇੰਝ ਹੈ, ਜਿਵੇਂ ਪੰਜਾਬ ਦੀਆਂ 2027 ਦੀਆਂ ਅਸੰਬਲੀ ਚੋਣਾਂ ਵਿੱਚ ਭਾਜਪਾ ਅਤੇ ਕਾਂਗਰਸ-ਕਮਿਊਨਿਸਟਾਂ ਦਾ ਡੈਮੋਕਰੇਟਿਕ ਗਠਬੰਧਨ ਹੀ ਦੋ ਧਿਰਾਂ ਹੋਣਗੀਆਂ।

ਕਾਂਗਰਸ ਦੀ ਅੰਦਰੂਨੀ ਝਾਟਾ-ਪਟਾਈ ਰੋਕਣੀ ਜ਼ਰੂਰੀ ਹੈ। ਗਠਬੰਧਨ ਦੀ ਸੰਭਾਵਨਾ ਉੱਤੇ ਹਾਂ-ਪੱਖੀ ਬਿਆਨ ਸ਼ਹਿਰੀ ਇਕਾਈ ਚੋਣਾਂ ਤੋਂ ਪਹਿਲਾਂ ਆ ਜਾਣਾ ਚਾਹੀਦਾ ਹੈ। ਰਾਹੁਲ ਗਾਂਧੀ, ਪ੍ਰਿਅਕਾ ਗਾਂਧੀ ਅਤੇ ਖੜਗੇ ਸਾਹਿਬ ਨੂੰ ਅਪਣੇ ਪੱਕੇ ਡੇਰੇ ਪੰਜਾਬ ਵਿੱਚ ਲਾਉਣੇ ਪੈਣਗੇ। ਇਸ ਨਾਲ ਪੰਜਾਬ ਦੇ ਕਾਂਗਰਸੀ ਪੰਜਾਬ ਵਿਧਾਨ ਸਭਾ ਚੋਣ ਨੂੰ ਕੌਮੀ ਮੁੱਦਾ ਬਣਾ ਕੇ ਲੜਨਗੇ। ਕਾਂਗਰਸ ਨੂੰ ਮਿਲੀਆਂ ਸੀਟਾਂ ਉੱਤੇ ਤਹਿ ਕੀਤੇ ਹਰ ਉਮੀਦਵਾਰ ਨੂੰ ਚਾਹੀਦਾ ਹੈ ਕਿ ਉਹ ਟਿਕਟ ਮਿਲਣ ਤੋਂ ਬਾਅਦ ਅਗਲੇ ਦਿਨ ਆਪਣੇ ਹਲਕੇ ਦੇ ਦੂਜੇ ਦਾਅਵੇਦਾਰਾਂ ਦੀ ਮੀਟਿੰਗ ਬੁਲਾਵੇ ਅਤੇ ਆਪਣੀ ਜਿੱਤ ਦੀ ਥਾਂ ਗਠਬੰਧਨ ਜਿਤਾਉਣ ਦੇ ਨਾਅਰੇ ਨਾਲ ਵੋਟਰਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਲਵੇ।

ਪੰਜਾਬ ਦੀਆਂ ਮੁੱਖ ਕਮਿਊਨਿਸਟ ਪਾਰਟੀਆਂ: ਸੀ ਪੀ ਆਈ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ, ਸੀ ਪੀ ਆਈ (ਐੱਮ ਐੱਲ) ਅਤੇ ਸੀ ਪੀ ਐੱਮ ਨੂੰ ਇਕੱਠਿਆਂ ਹੋ ਕੇ ਉਪ੍ਰੋਕਤ ਫਰੰਟ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ, ਕਿਉਂਕਿ ਪੰਜਾਬ ਦੀਆਂ ਇਹਨਾਂ ਚੋਣਾਂ ਦੀ ਕੌਮੀ ਮਹੱਤਤਾ ਕਮਿਊਨਿਸਟਾਂ ਤੋਂ ਵੱਧ ਕੋਈ ਨਹੀਂ ਜਾਣਦਾ। ਸਾਨੂੰ ਸਭ ਨੂੰ ਯਾਦ ਰੱਖਣਾ ਪਵੇਗਾ ਕਿ ਇਹਨਾਂ ਚੋਣਾਂ ਵਿੱਚ ਭਾਜਪਾ ਦੀ ਹਾਰ 2027 ਤੋਂ 2029 ਵਿੱਚਕਾਰ ਅਸੰਬਲੀ ਚੋਣਾਂ ਅਤੇ 2029 ਦੀਆਂ ਲੋਕ ਸਭਾ ਚੋਣਾਂ ਵਿੱਚ ਹਾਰਾਂ ਦਾ ਮੁੱਢ ਬੰਨ੍ਹੇਗੀ।

# ਸੰਪਰਕ : 94176-52947

# ਕਾਮਾਗਾਟਾ ਮਾਰੂ ਤੋਂ 'ਗੁਰੂ ਨਾਨਕ ਜਹਾਜ਼' ਤੱਕ

ਹਰਦਮ ਮਾਨ

ਕੈਨੇਡਾ ਦਾ ਇਤਿਹਾਸ ਜਿੱਥੇ ਵਿਕਾਸ ਅਤੇ ਵਿਭਿੰਨਤਾ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ, ਉੱਥੇ ਹੀ ਇਸ ਦੇ ਅਤੀਤ ਵਿੱਚ ਨਸਲਵਾਦ ਅਤੇ ਵਿਤਕਰੇ ਦੇ ਕੁਝ ਅਜਿਹੇ ਕਾਲੇ ਪੰਨੇ ਵੀ ਦਰਜ ਹਨ, ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ । ਇਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਅਤੇ ਦਰਦਨਾਕ ਘਟਨਾ 1914 ਦਾ ਕਾਮਾਗਾਟਾ ਮਾਰੂ ਦੁਖਾਂਤ ਹੈ, ਜਿਸ ਨੂੰ ਹੁਣ ਇਸ ਦੇ ਸਹੀ ਅਤੇ ਇਤਿਹਾਸਿਕ ਨਾਂਅ ਗੁਰੂ ਨਾਨਕ ਜਹਾਜ਼ ਵਜੋਂ ਮਾਨਤਾ ਦੇ ਕੇ ਕੈਨੇਡਾ ਆਪਣੀਆਂ ਇਤਿਹਾਸਕ ਗ਼ਲਤੀਆਂ ਨੂੰ ਸੁਧਾਰਨ ਵੱਲ ਕਦਮ ਵਧਾ ਰਿਹਾ ਹੈ ।

ਸਾਲ 1914 ਦੀ ਬਸੰਤ ਵਿੱਚ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਦੀ ਇੱਕ ਕਮੇਟੀ ਨੇ ਸਿੰਗਾਪੁਰ ਤੋਂ ਕਾਮਾਗਾਟਾ ਮਾਰੂ ਨਾਮਕ ਸਮੁੰਦਰੀ ਜਹਾਜ਼ ਨੂੰ ਚਾਰਟਰ (ਕਿਰਾਏ 'ਤੇ) ਕੀਤਾ । ਪਹਿਲੇ ਸਿੱਖ ਗੁਰੂ ਦੇ ਨਾਂਅ 'ਤੇ ਇਸ ਦਾ ਨਾਂਅ ਗੁਰੂ ਨਾਨਕ ਜਹਾਜ਼ ਰੱਖਿਆ ਗਿਆ । ਇਸ ਯਾਤਰਾ ਦਾ ਮੁੱਖ ਉਦੇਸ਼ ਭਾਰਤੀ ਪ੍ਰਵਾਸੀਆਂ ਨੂੰ ਕੈਨੇਡਾ ਲੈ ਕੇ ਜਾਣਾ ਅਤੇ ਉੱਥੋਂ ਦੀਆਂ ਨਸਲਵਾਦੀ ਇਮੀਗ੍ਰੇਸ਼ਨ ਨੀਤੀਆਂ ਨੂੰ ਚੁਣੌਤੀ ਦੇਣਾ ਸੀ ।

ਇਹ ਜਹਾਜ਼ 23 ਮਈ 1914 ਨੂੰ ਵੈਨਕੂਵਰ ਦੇ ਸਮੁੰਦਰੀ ਤੱਟ (ਬੁਰਾਰਡ ਇਨਲੇਟ) 'ਤੇ ਪਹੁੰਚਿਆ । ਜਹਾਜ਼ ਵਿੱਚ ਕੁੱਲ 376 ਮੁਸਾਫ਼ਿਰ ਸਵਾਰ ਸਨ, ਜਿਨ੍ਹਾਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸ਼ਾਮਲ ਸਨ (ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬ ਦੇ 18 ਤੋਂ 30 ਸਾਲ ਦੇ ਨੌਜਵਾਨ ਅਤੇ ਕਈ ਭਾਰਤੀ ਫ਼ੌਜ ਦੇ ਸਾਬਕਾ ਸੈਨਿਕ ਸਨ) । ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਉਨ੍ਹਾਂ ਕੋਲ ਸਾਮਰਾਜ ਵਿੱਚ ਕਿਤੇ ਵੀ ਜਾਣ ਦਾ ਹੱਕ ਸੀ, ਪਰ ਕੈਨੇਡਾ ਦੀ ਤਤਕਾਲੀ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਵਿੱਚ ਦਾਖ਼ਲ ਹੋਣ ਤੋਂ ਇਨਕਾਰ ਕਰ ਦਿੱਤਾ ।ਕੈਨੇਡਾ ਨੇ ਭਾਰਤੀਆਂ ਨੂੰ ਰੋਕਣ ਲਈ ਕੰਟੀਨਿਊਅਸ ਜਰਨੀ ਪ੍ਰੋਵਿਜ਼ਨ (Continuous Journey Provision) ਵਰਗੇ ਸਖ਼ਤ ਅਤੇ ਪੱਖਪਾਤੀ ਕਾਨੂੰਨ ਬਣਾਏ ਹੋਏ ਸਨ, ਜਿਸ ਤਹਿਤ ਸਿਰਫ਼ ਉਹ ਵਿਅਕਤੀ ਹੀ ਭਾਰਤ ਤੋਂ ਕੈਨੇਡਾ ਆ ਸਕਦਾ ਸੀ, ਜੋ ਬਿਨਾਂ ਰੁਕੇ ਸਿੱਧੇ ਸਫ਼ਰ ਰਾਹੀਂ ਆਇਆ ਹੋਵੇ (ਜੋ ਕਿ ਉਸ ਸਮੇਂ ਅਸੰਭਵ ਸੀ) ।



ਜਹਾਜ਼ ਦੇ ਮੁਸਾਫ਼ਰਾਂ ਨੂੰ ਦੋ ਮਹੀਨਿਆਂ ਤੱਕ ਵੈਨਕੂਵਰ ਦੇ ਹਰਬਰ 'ਤੇ ਹੀ ਬੰਦੀ ਬਣਾ ਕੇ ਰੱਖਿਆ ਗਿਆ, ਉਨ੍ਹਾਂ ਨੂੰ ਖਾਣ-ਪੀਣ ਅਤੇ ਪਾਣੀ ਤੋਂ ਵੀ ਵਾਂਝੇ ਰੱਖਿਆ ਗਿਆ। ਕੈਨੇਡੀਅਨ ਅਧਿਕਾਰੀਆਂ ਨੇ ਜਹਾਜ਼ 'ਤੇ ਕਬਜ਼ਾ ਕਰਨ ਲਈ ਹਥਿਆਰਬੰਦ ਫ਼ੌਜੀ ਜਹਾਜ਼ ਤੱਕ ਤਾਇਨਾਤ ਕਰ ਦਿੱਤੇ। ਅੰਤ 23 ਜੁਲਾਈ 1914 ਨੂੰ ਜਹਾਜ਼ ਨੂੰ ਜਬਰਨ ਵਾਪਸ ਮੋੜ ਦਿੱਤਾ ਗਿਆ। ਜਦੋਂ ਇਹ ਜਹਾਜ਼ 29 ਸਤੰਬਰ 1914 ਨੂੰ ਕੋਲਕਾਤਾ ਦੇ ਬਜਬਜ ਘਾਟ ਪਹੁੰਚਿਆ ਤਾਂ ਬ੍ਰਿਟਿਸ਼ ਪੁਲਸ ਨੇ ਮੁਸਾਫ਼ਰਾਂ ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ 20 ਯਾਤਰੀ ਸ਼ਹੀਦ ਹੋ ਗਏ ਅਤੇ ਕਈਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।

ਸਮਾਂ ਬਦਲਿਆ ਅਤੇ ਲੰਮੇ ਸੰਘਰਸ਼ ਤੋਂ ਬਾਅਦ ਕੈਨੇਡਾ ਸਰਕਾਰ ਅਤੇ ਵੈਨਕੂਵਰ ਸ਼ਹਿਰ ਨੇ ਇਸ ਨਸਲੀ ਵਿਤਕਰੇ ਅਤੇ ਧੱਕੇਸ਼ਾਹੀ ਲਈ ਅਧਿਕਾਰਤ ਤੌਰ 'ਤੇ ਮੁਆਫ਼ੀ ਮੰਗੀ, ਪਰ ਇਸ ਇਤਿਹਾਸ ਨੂੰ ਇਸ ਦੇ ਅਸਲ ਰੂਪ ਵਿੱਚ ਪੇਸ਼ ਕਰਨ ਲਈ ਇੱਕ ਹੋਰ ਵੱਡਾ ਕਦਮ ਹਾਲ ਹੀ ਵਿੱਚ ਲਿਆ ਗਿਆ ਹੈ। ਵੈਨਕੂਵਰ ਸਿਟੀ ਨੇ ਭਾਈਚਾਰਕ ਵਿਚਾਰ-ਵਟਾਂਦਰੇ ਤੋਂ ਬਾਅਦ ਇੱਕ ਇਤਿਹਾਸਕ ਫੈਸਲਾ ਲੈਂਦਿਆਂ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਸਥਿਤ ਯਾਦਗਾਰੀ ਸਾਈਨੇਜ ਪੈਨਲਾਂ (Signage Panels) ਉੱਪਰ ਕਾਮਾਗਾਟਾ ਮਾਰੂ ਦੀ ਥਾਂ ਇਸ ਦਾ ਅਸਲੀ ਅਤੇ ਸਹੀ ਨਾਂਅ ਗੁਰੂ ਨਾਨਕ ਜਹਾਜ਼ ਬਹਾਲ ਕਰ ਦਿੱਤਾ ਹੈ। ਵੈਨਕੂਵਰ ਪ੍ਰਸ਼ਾਸਨ ਮੁਤਾਬਕ ਜਹਾਜ਼ ਨੂੰ ਇਸ ਦੇ ਸਹੀ ਨਾਂਅ ਨਾਲ ਸੰਬੋਧਤ ਕਰਨਾ ਇਤਿਹਾਸਿਕ ਵਿਰਾਸਤ ਦਾ ਸੱਚਾ ਸਨਮਾਨ ਹੈ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਨੁਮਾਇੰਦੇ ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਰਾਜ ਸਿੰਘ ਭੰਡਾਲ ਨੇ ਵੈਨਕੂਵਰ ਸ਼ਹਿਰ ਦੇ ਇਸ ਫੈਸਲੇ ਦੀ ਪੁਰਜ਼ੋਰ ਸ਼ਲਾਘਾ ਕੀਤੀ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਹੈ ਕਿ ਕੈਨੇਡਾ ਦੀ ਫੈਡਰਲ ਸਰਕਾਰ ਵੀ ਜਲਦੀ ਹੀ ਆਪਣੇ ਮੁਆਫ਼ੀਨਾਮੇ ਵਿੱਚ ਸੋਧ ਕਰ ਕੇ ਗੁਰੂ ਨਾਨਕ ਜਹਾਜ਼ ਨਾਂਅ ਨੂੰ ਅਧਿਕਾਰਤ ਤੌਰ 'ਤੇ ਬਹਾਲ ਕਰੇਗੀ।

ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਵੈਨਕੂਵਰ ਦੇ ਹਰਬਰ ਗਰੀਨ ਪਾਰਕ ਸਮੁੰਦਰੀ ਤੱਟ 'ਤੇ ਸਥਿਤ ਮੈਮੋਰੀਅਲ ਵਿਖੇ ਬੀਸੀ ਖਾਲਸਾ ਦਰਬਾਰ, ਵੈਨਕੂਵਰ ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਅਤੇ ਵੈਨਕੂਵਰ ਸਿਟੀ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਬੇਹੱਦ ਮਹੱਤਵਪੂਰਨ ਹੈ ਕਿ ਜਿਸ ਜਗ੍ਹਾ ਤੋਂ 112 ਸਾਲ ਪਹਿਲਾਂ ਸਿੱਖਾਂ ਅਤੇ ਹੋਰ ਭਾਰਤੀਆਂ ਨੂੰ ਨਸਲਵਾਦੀ ਜ਼ੁਲਮ ਤਹਿਤ ਦੁਤਕਾਰਿਆ ਗਿਆ ਸੀ, ਅੱਜ ਉਸੇ ਧਰਤੀ ਤੇ ਉਨ੍ਹਾਂ ਦੇ ਸਨਮਾਨ ਅਤੇ ਚੜ੍ਹਦੀ ਕਲਾ ਦੀ ਗੱਲ ਹੋ ਰਹੀ ਹੈ। ਇਹ ਘਟਨਾ ਸਾਬਤ ਕਰਦੀ ਹੈ ਕਿ ਅੰਤ ਨੂੰ ਮਾਨਵਵਾਦੀ ਸਬਰ ਨੇ ਨਸਲਵਾਦੀ ਜਬਰ ਉੱਪਰ ਇੱਕ ਗੌਰਵਮਈ ਅਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ।

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ : ਅਜਿਹਾ ਬੋਹੜ, ਜਿਸ ਦੀ ਛਾਵੇਂ ਉੱਗੀਆਂ ਕਲਮਾਂ

ਅਮੋਲਕ ਸਿੰਘ

ਜ਼ਿੰਦਗੀ ਦੇ ਸਫ਼ਰ 'ਤੇ ਚੱਲਦਿਆਂ ਅਜਿਹੇ ਮੋੜ ਵੀ ਆਉਂਦੇ ਨੇ, ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੇ ਇਨਸਾਨ ਆਪਣੇ ਇਰਦ-ਗਿਰਦ ਵਾਪਰਦੀਆਂ ਘਟਨਾਵਾਂ ਤੋਂ ਐਨੇ ਹਲੂਣੇ ਜਾਂਦੇ ਹਨ ਕਿ ਉਹ ਅਰੁਕ ਅਤੇ ਅਮੁੱਕ ਸਫ਼ਰ ਦੇ ਪਾਂਧੀ ਹੋ ਜਾਂਦੇ ਹਨ । ਉਹ ਆਪਣੀ ਅਕਾਦਮਿਕ ਵਿੱਦਿਆ ਤੋਂ ਅਗਲੇ ਵਿਸ਼ਾਲ ਖੋਜ ਖੇਤਰਾਂ ਵੱਲ ਨਿਕਲ ਤੁਰਦੇ ਹਨ।

ਹੋਇਆ ਇਹ ਕਿ ਉਹ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਪ੍ਰੋਫ਼ੈਸਰ ਸਨ। ਇਸ ਕਾਲਜ ਦਾ ਹੋਣਹਾਰ ਵਿਦਿਆਰਥੀ ਸੀ ਬਖ਼ਸ਼ੀਸ਼ ਸਿੰਘ ਮੋਰ ਕਰੀਮਾਂ, ਜਿਸ ਦੀ ਮਾਂ ਖੇਤਾਂ ਦੇ ਵੱਟਾਂ-ਬੰਨਿਆਂ, ਰਾਹਾਂ ਤੋਂ ਘਾਹ ਖੋਤ ਕੇ ਲਵੇਰਾ ਪਾਲ ਕੇ ਗੁਜ਼ਾਰਾ ਕਰਦੀ ਸੀ । ਇਸ ਮਾਂ ਜਾਇਆ ਬਖਸ਼ੀਸ਼ ਪਿੰਡ ਮੋਰ ਕਰੀਮਾਂ ਨੇੜੇ ਮੁੱਲਾਂਪੁਰ (ਲੁਧਿਆਣਾ) ਇੰਜੀਨੀਅਰਿੰਗ ਦੀ ਪੜ੍ਹਾਈ ਛੱਡ ਕੇ ਮਜ਼ਦੂਰ ਜਮਾਤ ਦੀ ਮੁਕਤੀ ਦੀ ਮਾਰਗ ਦਰਸ਼ਕ ਕਮਿਊਨਿਸਟ ਇਨਕਲਾਬੀ ਲਹਿਰ ਦੀ ਨੂੰ ਆਪਣੀ ਯੂਨੀਵਰਸਿਟੀ ਸਮਝਦਿਆਂ ਉਸ ਵਿੱਚ ਦਾਖ਼ਲ ਹੋ ਗਿਆ।

ਉਹਨਾਂ ਦਿਨਾਂ 'ਚ ਹਰ ਚੜ੍ਹਦੇ ਸੂਰਜ ਕੰਮੀਆਂ ਦੇ ਵਿਹੜੇ ਦੇ ਸੂਰਜ ਬੁਝਾਏ ਜਾ ਰਹੇ ਸਨ। ਹਰ ਚੜ੍ਹਦੀ ਰਾਤ, ਲੋਕਾਂ ਦੇ ਮਨਾਂ ਅੰਦਰ ਚੇਤਨਾ ਦੀ ਰੌਸ਼ਨੀ ਕਰਨ ਵਾਲੇ ਚੰਨ ਕਤਲ ਕੀਤੇ ਜਾ ਰਹੇ ਸਨ। ਇਸ ਲੜੀ ਵਿੱਚ ਹੀ ਬਖ਼ਸ਼ੀਸ਼ ਮੋਰ ਕਰੀਮਾਂ ਵਿਦਾ ਹੋ ਗਿਆ । ਬਖਸ਼ੀਸ਼ ਨੂੰ ਜਦੋਂ ਨਵਾਂ ਸ਼ਹਿਰ ਰੇਲਵੇ ਸਟੇਸ਼ਨ 'ਤੇ ਜੱਫਾ ਮਾਰ ਕੇ ਪੁਲਸ ਫੜਨ ਲੱਗੀ ਤਾਂ ਉਸ ਨੇ ਅੱਖ ਝਪਕਣ ਜਿੰਨੇ ਸਮੇਂ ਦੇ ਅੰਦਰ-ਅੰਦਰ ਆਪਣੇ ਲੱਕ ਨਾਲ ਬੰਨ੍ਹੇ ਬੰਬ ਦੀ ਪਿੰਨ ਖਿੱਚ ਦਿੱਤੀ। ਅੱਧੀ ਦਰਜਨ ਦੇ ਕਰੀਬ ਪੁਲਸ ਮੁਲਾਜ਼ਮ ਥਾਏਂ ਮਾਰੇ ਗਏ। ਬਖ਼ਸ਼ੀਸ਼ ਦੇ ਜਿਸਮ ਦੇ ਚੀਥੜੇ ਉੱਡ ਗਏ। ਇਉਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਵਿਦਿਆਰਥੀ ਬਖਸ਼ੀਸ਼ ਨੇ ਬੱਬਰ ਅਕਾਲੀ ਲਹਿਰ ਦੇ ਸ਼ਹੀਦ ਧੰਨਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ) ਵੱਲੋਂ ਵੀਹਵੀਂ ਸਦੀ ਦੇ ਮੁਢਲੇ ਦੌਰ ਵਿੱਚ ਅਜਿਹੀ ਹੀ ਲਾਸਾਨੀ ਸ਼ਹਾਦਤ ਦਿੰਦਿਆਂ ਬਰਤਾਨਵੀ ਹਾਕਮਾਂ ਦੀ ਹੋਸ਼ ਉਡਾ ਦਿੱਤੀ ਸੀ। ਬਖ਼ਸ਼ੀਸ਼ ਨੇ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਤਾਜ਼ਾ ਕਰਦਿਆਂ ਪ੍ਰੋ.ਮਲਵਿੰਦਰਜੀਤ ਸਿੰਘ ਵੜੈਚ ਵਰਗੇ ਬੁੱਧੀਮਾਨ ਚਿੰਤਕਾਂ ਅਤੇ ਲੋਕ ਦਰਦੀਆਂ ਨੂੰ ਗਹਿਰ-ਗੰਭੀਰ ਵਿਚਾਰਾਂ ਵਿੱਚ ਪਾ ਦਿੱਤਾ ਕਿ ਇਹ ਮਹਿਜ਼ ਸੂਰਮਗਤੀ ਭਰੀ ਘਟਨਾ ਨਹੀਂ ਸੀ, ਸਗੋਂ ਇਹ ਦਰਸਾਉਣਾ ਸੀ ਕਿ ਪੰਜਾਬ ਅੰਦਰ ਬੱਬਰਾਂ, ਗ਼ਦਰੀਆਂ, ਭਗਤ, ਸਰਾਭੇ ਵਰਗੇ ਇਨਕਲਾਬੀਆਂ ਦੇ ਸੁਪਨੇ ਪੂਰੇ ਕਰਨ ਤੁਰੇ ਚਾਨਣ ਦੇ ਵਣਜਾਰਿਆਂ ਨੂੰ ਸੁੰਨੇ ਪੁਲਾਂ 'ਤੇ ਲਿਜਾ ਕੇ, ਝੂਠੇ ਪੁਲਸ ਮੁਕਾਬਲੇ ਦੀ ਕਹਾਣੀ ਘੜ ਕੇ ਮਾਰ ਮੁਕਾਇਆ ਜਾ ਰਿਹਾ ਤਾਂ ਇਹ ਸਾਰੇ ਇਤਿਹਾਸਕ ਘਟਨਾਕ੍ਰਮ ਦੇ ਡੂੰਘੇ ਪਤਾਲ਼ ਵਿੱਚ ਕਿਹੜੇ ਕਾਰਨ ਕੰਮ ਕਰਦੇ ਹਨ।

ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਹੋਣ ਕਰਕੇ ਪ੍ਰੋ. ਮਲਵਿੰਦਰਜੀਤ ਸਿੰਘ ਦੇ ਵਿਦਿਆਰਥੀਆਂ ਨਾਲ਼ ਰਿਸ਼ਤੇ ਤੋਂ ਬੇਹੱਦ ਪ੍ਰਭਾਵਤ ਸੀ, ਉਹ ਵਿਦਿਆਰਥੀਆਂ ਦੇ ਇਨਕਲਾਬੀ ਲਹਿਰਾਂ ਵੱਲ ਖਿੱਚੇ ਜਾਣ ਨੂੰ ਇਤਿਹਾਸਕ ਵਰਤਾਰਿਆਂ ਅਤੇ ਆਜ਼ਾਦੀ, ਜਮਹੂਰੀਅਤ, ਸਮਾਜਿਕ, ਆਰਥਿਕ, ਬਰਾਬਰੀ ਦੇ ਜੁਮਰੇ ਵਿਚ ਰੱਖ ਕੇ ਅਧਿਐਨ ਕਰਦੇ ਸਨ। ਇਹਨਾਂ ਦਿਨਾਂ ਵਿੱਚ ਇੰਜੀਨੀਅਰਿੰਗ ਕਾਲਜ ਦੀਆਂ ਦੀਵਾਰਾਂ ਅਤੇ ਹੋਸਟਲ 'ਚੋਂ ਹਕੂਮਤੀ ਜਬਰ ਖ਼ਿਲਾਫ਼ ਨਾਅਰਿਆਂ ਦੀ ਗੂੰਜ ਪਿਆ ਕਰਦੀ ਸੀ। ਇਸ਼ਤਿਹਾਰਾਂ, ਹੱਥ ਪਰਚਿਆਂ ਨੇ ਬਖਸ਼ੀਸ਼ ਦੀ ਸ਼ਹਾਦਤ ਦੇ ਮਾਅਨੇ ਵਿਦਿਆਰਥੀਆਂ ਦੇ ਮਨ ਦੀ ਡਾਇਰੀ ਉਪਰ ਉੱਕਰ ਦਿੱਤੇ । ਅਜੇਹੇ ਮਾਹੌਲ 'ਚ ਵਿਦਿਆਰਥੀ ਮਰਨ-ਮਾਰਨ ਲਈ ਲਟ-ਲਟ ਬਲਦੀ ਭਾਵਨਾ ਨਾਲ਼ ਬਲ਼ ਉੱਠੇ।



ਇਹ ਦੌਰ ਸੀ, ਜਦੋਂ ਜੋਸ਼ ਅਤੇ ਹੋਸ਼ ਨੂੰ ਸੰਤੁਲਤ ਰੱਖਣਾ ਬਹੁਤ ਹੀ ਜ਼ਰੂਰੀ ਸੀ।ਬੀਤੇ ਇਤਿਹਾਸ ਦੀਆਂ ਕੁਰਬਾਨੀਆਂ ਅਤੇ ਲਹੂ ਸੰਗ ਲਿਖੇ ਇਤਿਹਾਸ ਤੋਂ ਅਮੁੱਲੜੇ ਸਬਕ ਹਾਸਲ ਕਰਕੇ ਪੱਲੇ ਬੰਨ੍ਹਣਾ ਉਸ ਵੇਲੇ ਦੀ ਲੋੜ ਸੀ। ਇਨਕਲਾਬੀ ਰਾਹ ਦੀਆਂ ਲੀਹਾਂ ਅਤੇ ਸੇਧ ਨੂੰ ਪਰਪੱਕ ਕਰਨਾ ਜ਼ਰੂਰੀ ਸੀ। ਇਸ ਉੱਸਲਵੱਟੇ ਲੈਂਦੇ ਅਤੇ ਰੋਹ 'ਚ ਭਰੇ ਵਾਤਾਵਰਣ ਵਿੱਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਉਸ ਬੁੱਧੀਮਾਨ ਚਿੰਤਕ, ਦੂਰ-ਅੰਦੇਸ਼ ਕਰਾਂਤੀਕਾਰੀ ਵਿਦਵਾਨ ਬਣਨ ਦੇ ਸਫ਼ਰ ਦਾ ਸੁਘੜ-ਸਿਆਣਾ ਇਤਿਹਾਸਕਾਰ, ਬੌਧਿਕ ਕਾਮਾ ਅਤੇ ਇਨਕਲਾਬੀ ਇਤਿਹਾਸ ਦੀ ਟੁੱਟੀ ਤੰਦ ਗੰਢਣ ਵਾਲਾ ਕਾਰੀਗਰ ਕਾਮਾ ਬਣ ਕੇ ਸਾਹਮਣੇ ਆਇਆ । ਉਸ ਨੇ ਬਲਦੇ ਮਾਰੂਥਲ ਅੰਦਰ ਠੰਢੇ ਮਤੇ ਨਾਲ ਤੁਰਨ ਦਾ ਇਮਤਿਹਾਨ ਪਾਸ ਕੀਤਾ।

ਮਨ-ਮਸਤਕ 'ਚ ਇਹ ਸੁਆਲ ਸੁਲਘਦੇ, ਬੁਝਦੇ, ਬਲ਼ਦੇ ਰਹਿੰਦੇ ਸਨ ਕਿ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਨੇ ਵੀ ਲੋਕ-ਦੋਖੀ ਪ੍ਰਬੰਧ ਨਾਲ਼ ਟੱਕਰਾਂ ਲਈਆਂ । ਅਥਾਹ ਕੁਰਬਾਨੀਆਂ ਕੀਤੀਆਂ, ਪਰ ਸਫ਼ਲਤਾ ਨੇ ਇਨਕਲਾਬੀ ਲਹਿਰਾਂ ਦਾ ਮੱਥਾ ਕਿਉਂ ਨਹੀਂ ਚੁੰਮਿਆਂ । ਉਹ ਔਝੜੇ ਰਾਹਾਂ ਵਿਚੀਂ ਤੁਰਦਿਆਂ ਪਗਡੰਡੀਆਂ ਅਤੇ ਰਾਹਾਂ ਦੀ ਭਾਲ ਕਰਨ ਲਈ ਇਤਿਹਾਸ ਦੀਆਂ ਪੈੜਾਂ ਦਾ ਗਹਿਰਾ ਚਿੰਤਨ ਕਰਦੇ ਰਹਿੰਦੇ।

ਜ਼ਿਕਰਯੋਗ ਹੈ ਕਿ ਇੱਕ ਦਿਨ ਅਜਿਹਾ ਆਇਆ, ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਹੀ ਵਿਦਿਆਰਥੀ ਪ੍ਰੋ. ਜਗਮੋਹਣ ਸਿੰਘ (ਸ਼ਹੀਦ ਭਗਤ ਸਿੰਘ ਦੇ ਭਾਣਜੇ) ਲੁਧਿਆਣਾ ਤੋਂ ਸਾਇਕਲਾਂ 'ਤੇ ਹੀ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦੇ ਪਿੰਡ ਭਕਨੇ ਨੂੰ ਸਫ਼ਰ 'ਤੇ ਨਿੱਕਲ ਪਏ । ਉਹਨਾਂ ਦੇ ਮਨ ਅੰਦਰ ਤੜਫ਼ ਅਤੇ ਗਹਿਰੀ ਨੀਝ ਸੀ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਜਾ ਕੇ ਮਿਲਿਆ ਜਾਵੇ। ਉਹਨਾ ਨਾਲ ਵਾਰਤਾਲਾਪ ਕਰਕੇ ਇਹਨਾਂ ਉਲਝੇ ਸੁਆਲਾਂ ਦੇ ਜਵਾਬ ਤਲਾਸ਼ੇ ਜਾਣ ਕਿ ਜਿਨ੍ਹਾਂ ਕੋਲ ਸਰਵੋਤਮ ਵਿਚਾਰਧਾਰਾ, ਰਾਹ, ਸਮਰਪਣ ਦੀ ਭਾਵਨਾ ਹੈ, ਜਿਹੜੇ ਕੁਰਬਾਨੀਆਂ ਦਾ ਇਤਿਹਾਸ ਲਹੂ ਸੰਗ ਸਮੇਂ-ਸਮੇਂ ਸਿਰਜਦੇ ਰਹਿੰਦੇ ਨੇ, ਪਰ ਉਹ ਮੰਜ਼ਲਾਂ 'ਤੇ ਕਿਉਂ ਨਹੀਂ ਪਹੁੰਚ ਪਾਉਂਦੇ? ਉਹ ਰਾਹ ਵਿੱਚ ਸੋਚਦੇ ਗਏ ਕਿ ਐਡਾ ਵੱਡਾ ਆਗੂ ਸਾਨੂੰ ਮਿਲਣ ਲਈ ਸਮਾਂ ਵੀ ਦੇ ਦੇਵੇਗਾ, ਉਹਨਾਂ ਕੋਲ਼ ਤਾਂ ਮਿਲਣ ਵਾਲਿਆਂ ਦਾ ਮੇਲਾ ਲੱਗਾ ਹੋਵੇਗਾ।

ਉਹਨਾਂ ਦੀਆਂ ਕਿਆਸਅਰਾਈਆਂ ਨਾਲੋਂ ਹਕੀਕਤ ਕੁਝ ਹੋਰ ਹੀ ਸੀ। ਬਾਬਾ ਸੋਹਣ ਸਿੰਘ ਭਕਨਾ ਕੁੱਲੀ-ਨੁਮਾ ਰਿਹਾਇਸ਼ ਵਿੱਚ ਕੱਲਮ 'ਕੱਲਾ ਸੀ। ਬਾਬੇ ਨੇ ਆਪ ਹੀ ਦੁੱਧ ਗਰਮ ਕਰਕੇ ਇਹਨਾਂ ਨੌਜਵਾਨਾਂ ਨੂੰ ਦਿੱਤਾ। ਇਹ ਸਾਰਾ ਦ੍ਰਿਸ਼ ਇਹਨਾਂ ਬੁੱਧੀਮਾਨਾਂ ਲਈ ਇਤਿਹਾਸ ਅਤੇ ਲਹਿਰਾਂ ਦੀ ਝਲਕ ਸੀ ਕਿ ਇਸ ਮੁਲਕ ਅੰਦਰ ਮੂੜ-ਮੱਤ ਅਤੇ ਪੁੱਠੀਆਂ ਪੱਟੀਆਂ ਪੜ੍ਹਾਉਣ ਵਾਲੇ ਬਾਬਿਆਂ ਦੇ ਜਿਉਂਦੇ ਜੀਅ ਅਤੇ ਮੋਇਆਂ 'ਤੇ ਮੇਲੇ ਲੱਗਦੇ ਨੇ, ਉੱਥੇ ਦੇਸ਼ ਭਗਤਾਂ ਖਾਸ ਕਰਕੇ ਬਾਬਾ ਸੋਹਣ ਸਿੰਘ ਭਕਨਾ ਵਰਗੀਆਂ ਸ਼ਖਸੀਅਤਾਂ ਦੀ ਜ਼ਿੰਦਗੀ 'ਚ ਇਹ ਇਕੱਲਤਾ ਕਿਸੇ ਵਿਅਕਤੀ ਦੀ ਹੀ ਕਹਾਣੀ ਨਹੀਂ, ਇਹ ਲਹਿਰ ਦੀ ਇਕੱਲਤਾ ਨੂੰ ਸਮਝਣ ਦਾ ਗਹਿਰਾ ਸੁਆਲ ਹੈ। ਇਹਨਾਂ ਸੁਆਲਾਂ ਦੇ ਝੁਰਮਟ ਨੇ ਪ੍ਰੋਫ਼ੈਸਰ ਹੁਰਾਂ ਦੇ ਮਨ ਅੰਦਰ ਹਲ-ਚਲ ਪੈਦਾ ਕਰ ਦਿੱਤੀ ।

ਉਸ ਉਪਰੰਤ ਹੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਮਨ ਹੀ ਮਨ ਜ਼ਿੰਦਗੀ ਦੇ ਵੱਡੇ ਫੈਸਲੇ ਲਏ । ਉਹਨਾ ਨੇ ਬਾਬਾ ਜੀ ਨਾਲ ਵਾਰਤਾਲਾਪ ਉਪਰੰਤ ਬੱਸ ਫੇਰ ਤਾਂ ਚੱਲ ਸੋ ਚੱਲ। ਬਾਬਾ ਸੋਹਣ ਸਿੰਘ ਭਕਨਾ ਉਰਦੂ ਵਿੱਚ ਲਿਖੇ ਵਰਕੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਦੇਣ ਲੱਗੇ, ਉਹ ਪੰਜਾਬੀ ਵਿਚ ਅਨੁਵਾਦ ਕਰਨ ਲੱਗੇ। ਕਿਤਾਬ ਦੇ ਰੂਪ ਵਿੱਚ ਛਪੀ ਇਹ ਪਲੇਠੀ ਕਿਤਾਬ ਕਾਰਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਖੁਸ਼ੀ 'ਚ ਖੀਵੇ ਹੋ ਗਏ।

ਬਾਬਾ ਸੋਹਣ ਸਿੰਘ ਭਕਨਾ ਨਾਲ ਪਿੰਡ ਭਕਨਾ ਮੁਲਾਕਾਤ ਉਪਰੰਤ ਤਾਂ ਉਹ ਬੱਦੋਵਾਲ, ਨਾਰੰਗਵਾਲ, ਸਰਾਭਾ, ਚਮਿੰਡਾ, ਗ਼ਦਰੀ ਬਾਬਿਆਂ, ਕੂਕਾ ਲਹਿਰ, ਬੱਬਰ ਅਕਾਲੀਆਂ ਦੇ ਪਿੰਡਾਂ, ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਸੰਗਰਾਮੀ ਪੈੜਾਂ ਦੀ ਖ਼ੋਜ ਕਰਨ ਨਿਕਲ ਤੁਰੇ । ਉਹਨਾ ਕਾਲਜ ਪ੍ਰੋ. ਦੀਆਂ ਸੇਵਾਵਾਂ ਤੋਂ ਵਿਦਾਇਗੀ ਲੈ ਕੇ ਵਕਾਲਤ ਕੀਤੀ। ਵਕੀਲ ਬਣ ਕੇ ਧਨ-ਦੌਲਤ ਇਕੱਠੀ ਕਰਨ ਲਈ ਨਹੀਂ, ਇਤਿਹਾਸ ਦੇ ਅਣਫੋਲੇ, ਅਣਛੋਹੇ ਵਰਕੇ ਖੋਜਣ ਲਈ। ਕਾਨੂੰਨੀ ਨੁਕਤਾ ਨਜ਼ਰ ਤੋਂ ਮੁਕੱਦਮਿਆਂ, ਕੇਸਾਂ, ਫਾਂਸੀਆਂ, ਜੇਲ੍ਹਾਂ , ਉਮਰ ਕੈਦ, ਜੂਹਬੰਦੀਆਂ, ਕੁਰਕੀਆਂ ਅਤੇ ਇਤਿਹਾਸ ਅੰਦਰ ਇਨਕਲਾਬੀ ਲਹਿਰਾਂ ਨੂੰ ਮਾਣਮੱਤਾ ਸਥਾਨ ਦਿਵਾਉਣ ਲਈ, ਹਾਈ ਕੋਰਟ ਦੇ ਚੱਕਰ ਕੱਟਣ, ਕੇਸ ਲੜਨ, ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ ਮਾਰੂ ਲਹਿਰ, ਬਜਬਜ ਘਾਟ, ਜਲ੍ਹਿਆਂਵਾਲਾ ਬਾਗ, ਆਜ਼ਾਦ ਹਿੰਦ ਫੌਜ ਆਦਿ ਦੇ ਸ਼ਹੀਦਾਂ ਨੂੰ ਸ਼ਹੀਦੀ ਰੁਤਬਾ ਦਿਵਾਉਣਾ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਕੌਮੀ ਸ਼ਹੀਦਾਂ ਦਾ ਮਾਣ-ਮੱਤਾ ਸਥਾਨ ਦਿਵਾਉਣਾ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਵਰਗੇ ਅਨੇਕਾਂ ਦੀ ਜ਼ਮੀਨ-ਜਾਇਦਾਦ ਦੀ ਕੁਰਕੀ ਰੱਦ ਕਰਾਉਣ ਨਿਕਲ ਪਏ।

ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ ਦੀ ਜ਼ਮੀਨ ਜਾਇਦਾਦ ਦੀ ਕੁਰਕੀ ਰੱਦ ਕਰਵਾਉਣ ਦੇ ਹਵਾਲੇ ਨਾਲ ਅਦਾਲਤ ਨੂੰ ਇਹ ਹਵਾਲਾ ਪ੍ਰਵਾਨ ਕਰਨਾ ਪਿਆ ਕਿ ਮੁਲਕ ਵਿੱਚ ਹੋਰ ਕਿਤੇ ਵੀ ਅਜਿਹੇ ਕੇਸ ਹਨ, ਸਭ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਾਇਦਾਦ ਵਾਰਸਾਂ ਹਵਾਲੇ ਕੀਤੀ ਜਾਏ ।

ਆਮ ਤੌਰ 'ਤੇ ਸਾਡੇ ਸਮਾਜ ਵਿੱਚ ਕਿਹਾ ਜਾਂਦਾ ਹੈ ਕਿ ਬਰੋਟੇ ਹੇਠਾਂ ਹੋਰ ਬੂਟੇ ਨਹੀਂ ਹੋ ਸਕਦੇ । ਗ਼ਦਰੀ ਬਾਬਿਆਂ ਦੇ ਇਤਿਹਾਸ ਦੇ ਖੋਜੀ ਵਿਦਵਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਜਿਹੇ ਸਥਾਪਤ ਬਰੋਟੇ ਸਨ, ਜਿਨ੍ਹਾ ਦੀ ਛਾਵੇਂ ਅਨੇਕਾਂ ਹੀ ਬੂਟੇ ਉੱਗੇ, ਮੌਲਰੇ ਅਤੇ ਉਹਨਾਂ ਨੂੰ ਲੋੜੀਂਦੀ ਖਾਧ-ਖੁਰਾਕ ਮੁਹੱਈਆ ਕਰਨ ਲਈ ਪ੍ਰੋ. ਮਲਵਿੰਦਰਜੀਤ ਨੇ ਅਥਾਹ ਲਗਨ ਨਾਲ ਇਤਿਹਾਸਕ ਮਾਲੀ ਦਾ ਕੰਮ ਕੀਤਾ, ਜਿਸ ਕਿਸੇ ਨੂੰ ਸਮੱਗਰੀ ਲੋੜੀਂਦੀ ਹੋਵੇ, ਉਹਨਾਂ ਨੇ ਤੇਰਾ-ਤੇਰਾ ਕਰਕੇ ਲੁਟਾਈ।

ਹਥਲੀ ਨਿੱਕੜੀ ਜਿਹੀ ਲਿਖਤ ਵਿੱਚ ਕਿਤਾਬਾਂ ਦੇ ਲੰਮੇ ਵਿਸਥਾਰ ਵਿੱਚ ਨਾ ਜਾਂਦੇ ਹੋਏ ਸਿਰਫ਼ ਐਨਾ ਹੀ ਕਹਾਂਗਾ ਕਿ ਉਹਨਾ 62 ਤੋਂ ਵੱਧ ਤਾਂ ਕਿਤਾਬਾਂ, ਦਸਤਾਵੇਜ਼ੀ ਰੂਪ ਛਾਪ ਕੇ ਪਾਠਕਾਂ ਦੀ ਝੋਲੀ ਪਾਏ ।

ਸੀਤਾ ਰਾਮ ਬਾਂਸਲ ਅਤੇ ਬਲਵਿੰਦਰ ਕੌਰ ਬਾਂਸਲ ਉਹਨਾਂ ਦੇ ਅਮੁੱਲੇ ਕੰਮ ਨੂੰ ਸਾਂਭਣ ਵਿੱਚ ਯਾਦ ਰੱਖਣਯੋਗ ਭੂਮਿਕਾ ਨਿਭਾ ਰਹੇ ਹਨ। ਇਉਂ ਹੀ ਹਰੀਸ਼ ਜੈਨ, ਪ੍ਰੋ. ਜਗਮੋਹਣ ਸਿੰਘ, ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਗੁਰਸ਼ਰਨ ਸਿੰਘ ਵਰਗਿਆਂ ਦੇ ਉਹਨਾ ਦੇ ਨਾਲ਼ ਨਾਲ਼ ਤੁਰਨ ਦੇ ਸਫ਼ਰ ਨੇ ਬਹੁਤ ਸਾਰੀਆਂ ਪੈੜਾਂ ਅਲੱਗ-ਅਲੱਗ ਵਿਧਾਵਾਂ ਵਿਚ ਸਾਂਭਣ ਦਾ ਕੰਮ ਕੀਤਾ।

ਆਪਣੇ ਆਪ ਨੂੰ ਗ਼ਦਰੀ ਬਾਬਿਆਂ ਦੇ ਮੁਨਸ਼ੀ ਕਹਾਉਣ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਸ਼ਰਧਾਂਜਲੀ ਸਮਾਗਮ 23 ਮਈ ਨੂੰ ਚੰਡੀਗੜ੍ਹ ਵਿੱਚ ਹੋ ਰਿਹੈ। ਇਹ ਵੀ ਮੌਕਾ ਮੇਲ ਹੀ ਹੈ ਕਿ 23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਇਤਿਹਾਸਕ ਘਟਨਾ ਵਾਪਰੀ ਸੀ।ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਲਈ ਇਹ ਮਾਣ ਮੱਤੀ ਇਤਿਹਾਸਕ ਘਟਨਾ ਹੈ ਕਿ ਪ੍ਰੋ. ਮਲਵਿੰਦਰਜੀਤ ਆਮ ਕਰਕੇ ਕਦੇ ਵੀ ਮਾਣ-ਸਨਮਾਨ ਨਹੀਂ ਸੀ ਲਿਆ ਕਰਦੇ । ਉਹਨਾ 1 ਮਈ 2015 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਨਾਟਕਾਂ ਅਤੇ ਗੀਤਾਂ ਭਰੀ ਰਾਤ ਮੌਕੇ ਪਲਸ ਮੰਚ ਵੱਲੋਂ ਕਿਰਤੀ ਲੋਕਾਂ ਦੁਆਰਾ ਦਿੱਤਾ ਸਨਮਾਨ ਹਾਸਲ ਕਰਕੇ ਗੁਰਸ਼ਰਨ ਭਾਅ ਜੀ ਦੀ ਸੰਸਥਾ ਪਲਸ ਮੰਚ ਨੂੰ ਮਾਣ ਦਿੱਤਾ। ਇਹ ਮਾਣ ਅਸੀਂ ਸਦਾ ਸੰਭਾਲ ਕੇ ਰੱਖਾਂਗੇ ਅਤੇ ਉਹਨਾਂ ਦੇ ਅਧੂਰੇ ਕਾਜ਼ ਦੀ ਪੂਰਤੀ ਲਈ ਦ੍ਰਿੜ੍ਹਤਾ ਨਾਲ਼ ਸਫ਼ਰ ਜਾਰੀ ਰੱਖਾਂਗੇ।ਇਹ ਅਹਿਦ ਲੈਣ ਲਈ ਬੁੱਧੀਜੀਵੀਆਂ ਅਤੇ ਮਿਹਨਤਕਸ਼ ਲੋਕਾਂ ਦੀ ਅੱਜ 23 ਮਈ ਨੂੰ ਚੰਡੀਗੜ੍ਹ ਜੁੜੀ ਯਾਦ ਅਤੇ ਵਿਚਾਰ ਇਕੱਤਰਤਾ ਇਸ ਜੋਟੀ ਦੀ ਤੰਦ ਮਜ਼ਬੂਤ ਕਰਨ ਦਾ ਅਹਿਦ ਲੈਂਦੇ ਹੋਏ ਆਪਣੇ ਮਹਿਬੂਬ ਵਿਦਵਾਨ ਨੂੰ ਸਿਜਦਾ ਕਰੇਗੀ ।

ਸੰਪਰਕ:- 98778-68710

